Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 287 04/04/2026 www.samajweekly.com samajweekly @samajweekly samajweekly

# ਈਰਾਨ ਨੇ ਹਵਾ ਵਿੱਚ ਹੀ ਮਾਰ ਸੁੱਟਿਆ ਅਮਰੀਕੀ ਖ਼ਤਰਨਾਕ ਐਫ-35 ਲੜਾਕੂ ਜਹਾਜ਼

## ਅਮਰੀਕਾ ਨੇ ਇੱਕ ਪਾਇਲਟ ਬਚਾਇਆ ਦੂਜੇ ਦੀ ਭਾਲ; ਮਲਬੇ ਦੀਆਂ ਤਸਵੀਰਾਂ ਜਾਰੀ

**ਦੁਬਈ/ਵਾਸ਼ਿੰਗਟਨ।** ਇਰਾਨ ਨੇ ਸ਼ੁੱਕਰਵਾਰ ਨੂੰ ਮੁਲਕ ਦੇ ਦੱਖਣ-ਪੱਛਮੀ ਹਿੱਸੇ ਵਿੱਚ ਅਮਰੀਕੀ ਜੰਗੀ ਜਹਾਜ਼ ਫੁੰਡਣ ਦਾ ਦਾਅਵਾ ਕੀਤਾ ਹੈ। ਤਹਿਰਾਨ ਨੇ ਜਹਾਜ਼ ਦੇ ਮਲਬੇ ਦੀਆਂ ਤਸਵੀਰਾਂ ਵੀ ਜਾਰੀ ਕੀਤੀਆਂ ਹਨ। ਸਰਕਾਰੀ ਟੈਲੀਵਿਜ਼ਨ ਚੈਨਲ ਮੁਤਾਬਕ ਜੰਗੀ ਜਹਾਜ਼ ਡਿੱਗਣ ਤੋਂ ਪਹਿਲਾਂ ਦੋਵੇਂ ਅਮਰੀਕੀ ਪਾਇਲਟ ਬਾਹਰ ਨਿਕਲ ਗਏ ਸਨ। ਹਾਲਾਂਕਿ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਚਲਾਈ ਮੁਹਿੰਮ ਦੌਰਾਨ ਇੱਕ ਪਾਇਲਟ ਨੂੰ ਬਚਾਅ ਲਿਆ ਗਿਆ। ਉਧਰ ਇਰਾਨ ਨੇ ਲਾਪਤਾ ਪਾਇਲਟਾਂ ਬਾਰੇ ਜਾਣਕਾਰੀ ਦੇਣ ਵਾਲੇ ਲਈ ਇਨਾਮ ਦਾ ਐਲਾਨ ਕੀਤਾ ਸੀ। ਉਧਰ ਅਬੂ ਧਾਬੀ ਵਿੱਚ ਇਰਾਨੀ ਮਿਜ਼ਾਈਲ ਫੁੰਡਣ ਮੌਕੇ ਡਿੱਗੇ ਮਲਬੇ ਕਰ ਕੇ ਪੰਜ ਭਾਰਤੀ ਨਾਗਰਿਕਾਂ ਸਣੇ 12 ਵਿਅਕਤੀ ਜ਼ਖ਼ਮੀ ਹੋ ਗਏ।



ਮੁਕਾਮੀ ਅਥਾਰਿਟੀਜ਼ ਮੁਤਾਬਕ ਜ਼ਖ਼ਮੀਆਂ ਦੇ ਮਾਮੂਲੀ ਤੇ ਹਲਕੀ ਸੱਟ ਫੇਟ ਲੱਗੀ ਹੈ। ਜ਼ਖ਼ਮੀਆਂ ’ਚ ਛੇ ਨੇਪਾਲੀ ਨਾਗਰਿਕ ਵੀ ਸ਼ਾਮਲ ਹਨ। ਅਮਰੀਕੀ ਜੰਗੀ ਜਹਾਜ਼ ਫੁੰਡਣ ਮਗਰੋਂ ਇਰਾਨੀ ਟੈਲੀਵਿਜ਼ਨ ਚੈਨਲ ਦੇ ਮੇਜ਼ਬਾਨ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ‘ਦੁਸ਼ਮਣ ਪਾਇਲਟ’ ਨੂੰ ਪੁਲੀਸ ਦੇ ਹਵਾਲੇ ਕਰਨ ਤੇ ਇਸ ਲਈ ਇਨਾਮ ਵੀ ਦਿੱਤਾ ਜਾਵੇਗਾ। ਇਹ ਚੈਨਲ ਕੋਕਿਲੋਯੇਹ ਤੇ ਬੋਇਰ-ਅਹਿਮਦ ਸੂਬੇ ਵਿੱਚ ਹੈ। ਇਹ ਪੇਂਡੂ ਤੇ ਪਹਾੜੀ ਖੇਤਰ ਹੈ, ਜੋ 15,500 ਵਰਗ ਕਿਲੋਮੀਟਰ ਵਿੱਚ ਫੈਲਿਆ ਹੈ। ਚੈਨਲ ਨੇ ਅਮਰੀਕੀ ਜੰਗੀ ਜਹਾਜ਼ ਡੇਗਣ ਦਾ ਦਾਅਵਾ ਕਰਦਿਆਂ ਪਿਕਅੱਪ ਟਰੱਕ ਦੇ ਪਿੱਛੇ ਧਾਤ ਦਾ ਮਲਬਾ ਦਿਖਾਇਆ ਹੈ, ਪਰ ਫ਼ੌਰੀ ਕੋਈ ਹੋਰ ਜਾਣਕਾਰੀ ਦੇਣ ਤੋਂ ਨਾਂਹ ਕਰ ਦਿੱਤੀ। ਇਸ ਤੋਂ ਪਹਿਲਾਂ ਇਰਾਨ ਨੇ ਸ਼ੁੱਕਰਵਾਰ ਨੂੰ ਮੱਧ ਪੂਰਬ ਵਿੱਚ ਵੱਖ ਵੱਖ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਨ੍ਹਾਂ ਹਮਲਿਆਂ ਵਿੱਚ ਸਮੁੰਦਰੀ ਪਾਣੀ ਸੋਧਣ ਵਾਲਾ ਪਲਾਂਟ ਨੁਕਸਾਨਿਆ ਗਿਆ ਜਦੋਂਕਿ ਕੁਵੈਤ ਵਿੱਚ ਰਿਫਾਇਨਰੀ ਨੂੰ ਅੱਗ ਲੱਗ ਗਈ। ਉਧਰ ਅਮਰੀਕਾ ਤੇ ਇਜ਼ਰਾਈਲ ਨੇ ਵੀ ਜਵਾਬੀ ਕਾਰਵਾਈ ਵਿੱਚ ਇਸਲਾਮਿਕ ਗਣਰਾਜ ’ਤੇ ਹਮਲੇ ਕੀਤੇ। ਅਮਰੀਕਾ ਨੇ ਤਹਿਰਾਨ ਤੇ ਕੇਂਦਰੀ ਸ਼ਹਿਰ ਇਸਫ਼ਾਹਨ ਉੱਤੇ ਹਮਲੇ ਕਰਦਿਆਂ ਉਸਾਰੀ ਅਧੀਨ ਪੁਲ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਅੱਠ ਵਿਅਕਤੀ ਮਾਰੇ ਗਏ। ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ਦੀ ਫ਼ੌਜੀ ਸਮਰੱਥਾ ਨੂੰ ਵੱਡੀ ਢਾਹ ਲਾਉਣ ਦੇ ਦਾਅਵਿਆਂ ਦਰਮਿਆਨ ਤਹਿਰਾਨ ਨੇ ਇਜ਼ਰਾਈਲ ਤੇ ਖਾੜੀ ਵਿਚਲੇ ਆਪਣੇ ਅਰਬ ਗੁਆਂਢੀਆਂ ’ਤੇ ਦਬਾਅ ਬਣਾਇਆ ਹੋਇਆ ਹੈ। ਇਰਾਨ ਵੱਲੋਂ ਖਾੜੀ ਵਿੱਚ ਊਰਜਾ ਢਾਂਚੇ ’ਤੇ ਹਮਲੇ ਜਾਰੀ ਹਨ ਤੇ ਉਸ ਨੇ ਰਣਨੀਤਕ ਪੱਖੋਂ ਅਹਿਮ ਹਰਮੁਜ਼ ਜਲ ਮਾਰਗ ਉੱਤੇ ਆਪਣੀ ਪਕੜ ਬਣਾਈ ਹੋਈ ਹੈ।

# ਰਾਘਵ ਚੱਢਾ ਨੇ ਹੋਰ ਸਟੇਸ਼ਨ ਫੜ ਲਿਆ:ਮੁੱਖ ਮੰਤਰੀ ਭਗਵੰਤ ਮਾਨ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੱਲੋਂ ਵੀਡੀਓ ਸਾਂਝੀ ਕੀਤੇ ਜਾਣ ਮਗਰੋਂ ਕਿਹਾ ਕਿ ਹੁਣ ਕੋਈ ਸ਼ੱਕ ਨਹੀਂ ਰਿਹਾ ਕਿ ਉਸ ਨੇ ਕੋਈ ਹੋਰ ਸਟੇਸ਼ਨ ਫੜ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜੇ ਕੋਈ ਪਾਰਟੀ ਦੀ ਲਾਈਨ ਖ਼ਿਲਾਫ਼ ਜਾਵੇਗਾ ਤਾਂ ਉਸ ਵਿਰੁੱਧ ਕਾਰਵਾਈ ਹੋਵੇਗੀ। ਰਾਘਵ ਚੱਢਾ ਨੇ ਸਮਝੌਤਾ ਕਰ ਲਿਆ ਹੈ ਅਤੇ ਪੰਜਾਬ ਦੇ ਅਹਿਮ ਮੁੱਦਿਆਂ ਦੀ ਥਾਂ ’ਤੇ ਉਸ ਨੇ ਸੰਸਦ ’ਚ ਸਮੋਸਿਆਂ ਅਤੇ ਪੀਜ਼ਿਆਂ ਦੀ ਡਲਿਵਰੀ ਦੀ ਗੱਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਪਾਰਟੀ ਦੀ ਖ਼ਾਸ ਲਾਈਨ ਦੇ ਉਲਟ ਜੇ ਉਹ ਅਹਿਮ ਮਾਮਲਿਆਂ ’ਤੇ ਸੰਸਦ ’ਚੋਂ ਵਾਕਆਊਟ ਨਹੀਂ ਕਰਦੇ, ਪਾਰਟੀ ਵਰਕਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਉਤੇ ਗੁਜਰ-ਾਤ ਸਰਕਾਰ ਖ਼ਿਲਾਫ਼ ਨਹੀਂ ਬੋਲਦੇ ਤਾਂ ਕਾਰਵਾਈ ਤਾਂ ਕਰਨੀ ਹੀ ਪੈਣੀ ਸੀ ਕਿਉਂਕਿ ਇਹ ਪਾਰਟੀ ਵ੍ਹਿੱਪ ਵਿਰੁੱਧ ਕਦਮ ਹੈ। ਉਂਝ ਉਨ੍ਹਾਂ ਇਹ ਵੀ ਤਰਕ ਦਿੱਤਾ ਕਿ ਸਾਰੀਆਂ ਪਾਰਟੀਆਂ ਸੰਸਦ ’ਚ ਆਪਣੇ ਨੇਤਾ ਬਦਲਦੀਆਂ ਰਹਿੰਦੀਆਂ ਹਨ। ਉਨ੍ਹਾਂ ਮਿਸਾਲ ਦਿੰਦਿਆਂ ਕਿਹਾ ਕਿ 2014 ਤੋਂ 2019 ਦਰਮਿਆਨ ਡਾ. ਧਰਮਵੀਰ ਗਾਂਧੀ ਲੋਕ ਸਭਾ ’ਚ ਪਾਰਟੀ ਦੇ ਨੇਤਾ ਸਨ ਪਰ ਮਗਰੋਂ ਉਹ (ਮਾਨ) ਨੇਤਾ ਬਣੇ ਸਨ।

ਚੇਤੇ ਰਹੇ ਕਿ ‘ਆਪ’ ਨੇ ਰਾਘਵ ਚੱਢਾ ਨੂੰ ਰਾਜ ਸਭਾ ’ਚ ਪਾਰਟੀ ਦੇ ਉਪ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਹੈ। ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਕਿਹਾ ਕਿ ਜਦੋਂ ਕਈ ਮੁੱਦਿਆਂ ’ਤੇ ਸਦਨ ’ਚੋਂ ਵਾਕਆਊਟ ਕਰਨ ਦੀ ਗੱਲ



ਆਉਂਦੀ ਹੈ ਤਾਂ ਰਾਘਵ ਚੱਢਾ ਅਜਿਹਾ ਨਹੀਂ ਕਰਦੇ। ਦਿੱਲੀ ਦੇ ਸੂਬਾ ਪ੍ਰਧਾਨ ਸੌਰਭ ਭਾਰਦਵਾਜ ਨੇ ਕਿਹਾ ਕਿ ਰਾਘਵ ਨੇ ਪੰਜਾਬ ਅਤੇ ਪਾਰਟੀ ਨਾਲ ਸਬੰਧਤ ਹੋਰ ਮੁੱਦੇ ਸਦਨ ’ਚ ਨਹੀਂ ਚੁੱਕੇ। ਆਤਿਸ਼ੀ ਨੇ ਕਿਹਾ ਕਿ ਰਾਘਵ ਚੱਢਾ ਭਾਜਪਾ ਤੋਂ ਡਰਦੇ ਹਨ ਕਿਉਂਕਿ ਉਹ ਸਰਕਾਰ ਨੂੰ ਕੋਈ ਸਵਾਲ ਨਹੀਂ ਕਰਦੇ ਸਨ। ਸੂਤਰਾਂ ਮੁਤਾਬਕ ਹੁਣ ‘ਆਪ’ ਦੀ ਸੰਸਦੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ’ਤੇ ਸਾਰੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਉਧਰ ਰਾਘਵ ਚੱਢਾ ਨੇ ਅੱਜ ਵੀਡੀਓ ਸੰਦੇਸ਼ ’ਚ ਕਿਹਾ ਕਿ ‘ਆਪ’ ਲੀਡਰਸ਼ਿਪ ਉਸ ਨੂੰ ਚੁੱਪ ਕਰਾ ਸਕਦੀ ਹੈ ਪਰ ਹਰਾ ਨਹੀਂ ਸਕਦੀ ਹੈ, ਜਦ ਸਮਾਂ ਆਵੇਗਾ ਤਾਂ ਸਭ ਕੁੱਝ ਸਪੱਸ਼ਟ ਕਰ ਦਿਆਂਗਾ। ਉਨ੍ਹਾਂ ਕਿਹਾ ਕਿ ਜੋ ਡਰ ਗਿਆ, ਉਹ ਮਰ ਗਿਆ। ਚੱਢਾ ਨੇ ‘ਆਪ’ ਨੂੰ ਸਵਾਲ ਕੀਤਾ ਕਿ ਉਹ ਲੋਕ ਹਿੱਤ ਦੇ ਮੁੱਦਿਆਂ ਬਾਰੇ ਉਨ੍ਹਾਂ ਨੂੰ ਕਿਉਂ ਚੁੱਪ ਕਰਾਉਣਾ ਚਾਹੁੰਦੀ ਹੈ। ਚੱਢਾ ਨੇ ਕਿਹਾ, ‘‘ਕੀ ਆਮ ਲੋਕਾਂ ਦੇ ਮੁੱਦੇ ਚੁੱਕਣਾ ਪਾਪ ਹੈ? ਮੈਂ ਹਵਾਈ ਅੱਡਿਆਂ ’ਤੇ ਵਿਕਣ ਵਾਲੇ ਮਹਿੰਗੇ ਖਾਣੇ, ਰੀਚਾਰਜ ਅਤੇ ਬੈਂਕਾਂ ਦੇ ਗੁਪਤ ਚਾਰਜਾਂ ਆਦਿ ਬਾਰੇ ਸਦਨ ’ਚ ਗੱਲ ਕੀਤੀ।’’ ਗ਼ੌਰਤਲਬ ਹੈ ਕਿ ਪੰਜਾਬ ’ਚ ਜਦੋਂ ‘ਆਪ’ ਸਰਕਾਰ ਬਣੀ ਸੀ ਤਾਂ ਪਹਿਲੇ ਦੋ ਵਰ੍ਹਿਆਂ ਦੌਰਾਨ ਰਾਘਵ ਚੱਢਾ ਦੀ ਤੂਤੀ ਬੋਲਦੀ ਰਹੀ ਸੀ।

# ਤਾਜ਼ਾ ਬਰਫ਼ਬਾਰੀ ਤੋਂ ਬਾਅਦ ਜੰਮੂ ਕਸ਼ਮੀਰ ਮੁਗਲ ਰੋਡ ਵਾਹਨਾਂ ਦੀ ਆਵਾਜਾਈ ਲਈ ਬੰਦ


**ਪੁੰਛ।** ਅੱਜ ਦੁਪਹਿਰ ਮੁਗਲ ਰੋਡ ਵਾਹਨਾਂ ਦੀ ਆਵਾਜਾਈ ਲਈ ਬੰਦ ਟ੍ਰੈਫਿਕ ਅਧਿਕਾਰੀਆਂ ਨੇ ਕਿਹਾ ਕਿ ਪੀਰ ਕੀ ਗਲੀ ਵਿਖੇ ਤਾਜ਼ਾ ਬਰਫ਼ਬਾਰੀ ਅਤੇ ਮੀਂਹ ਕਾਰਨ, ਮੁਗਲ ਰੋਡ ਨੂੰ ਅਗਲੇ ਹੁਕਮ ਤੱਕ ਹਰ ਤਰ੍ਹਾਂ ਦੇ ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਟ੍ਰੈਫਿਕ ਅਧਿਕਾਰੀਆਂ ਨੇ ਕਿਹਾ ਕਿ ਸੜਕ ਨੂੰ ਅਗਲੇ ਹੁਕਮ ਤੱਕ ਬੰਦ ਕਰ ਦਿੱਤਾ ਗਿਆ ਹੈ ਕਿਉਂਕਿ ਪੀਰ ਪੰਜਾਲ ਪਹਾੜਾਂ ਵਿੱਚ ਤਾਜ਼ਾ ਬਰਫ਼ਬਾਰੀ ਹੋ ਰਹੀ ਹੈ। ਅਧਿਕਾਰੀਆਂ ਨੇ ਕਿਹਾ



ਕਿ ਪੀਰ ਪੰਚਾਲ ਦੇ ਉੱਪਰਲੇ ਹਿੱਸਿਆਂ ਵਿੱਚ ਬਰਫ਼ਬਾਰੀ ਅਤੇ ਪੁੰਛ ਦੇ ਮੈਦਾਨੀ ਇਲਾਕਿਆਂ ਵਿੱਚ ਭਾਰੀ ਮੀਂਹ ਜਾਰੀ ਹੈ। ਪੁੰਛ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਆਵਾਜਾਈ ਲਈ ਖੋਲ੍ਹ ਦਿੱਤੀਆਂ ਗਈਆਂ ਹਨ। ਟ੍ਰੈਫਿਕ ਅਧਿਕਾਰੀਆਂ ਨੇ ਕਿਹਾ ਕਿ ਮੁਗਲ ਰੋਡ ਨੂੰ ਬੰਦ ਕਰਨ ਦਾ ਫੈਸਲਾ ਸੜਕ ਦੇ ਪਹਾੜੀ ਹਿੱਸੇ ਵਿੱਚੋਂ ਲੰਘਣ ਵਾਲੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ ਕਿਉਂਕਿ ਮੁਗਲ ਰੋਡ 'ਤੇ ਤਾਜ਼ਾ ਬਰਫ਼ਬਾਰੀ ਜਾਰੀ ਹੈ।

# ਹੁਸ਼ਿਆਰਪੁਰ: ਗੜ੍ਹਸ਼ੰਕਰ 'ਚ ਬਿਜਲੀ ਡਿੱਗਣ ਨਾਲ ਨੌਜਵਾਨ ਦੀ ਮੌਤ

**ਹੁਸ਼ਿਆਰਪੁਰ।** ਹੁਸ਼ਿਆਰਪੁਰ ਜ਼ਿਲ੍ਹੇ ਦੇ ਗੜ੍ਹਸ਼ੰਕਰ ਇਲਾਕੇ ਤੋਂ ਇੱਕ ਦੁਖਦਾਈ ਘਟਨਾ ਸਾਹਮਣੇ ਆਈ ਹੈ, ਜਿੱਥੇ ਸ਼ੁੱਕਰਵਾਰ ਦੁਪਹਿਰ ਨੂੰ ਬਿਜਲੀ ਡਿੱਗਣ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ ਅਤੇ ਦੋ ਹੋਰ ਗੰਭੀਰ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ, ਰਸੂਲਪੁਰ ਪਿੰਡ ਦੇ ਲਗਭਗ ਇੱਕ ਦਰਜਨ ਨੌਜਵਾਨ ਨੇੜਲੇ ਬੱਕਾਪੁਰ ਪਿੰਡ ਦੇ ਇੱਕ ਮੈਦਾਨ ਵਿੱਚ ਕ੍ਰਿਕਟ ਖੇਡ ਰਹੇ ਸਨ ਜਦੋਂ ਇਹ ਘਟਨਾ ਵਾਪਰੀ। ਸਵੇਰੇ ਲਗਭਗ 11.30 ਵਜੇ, ਗਰਜ ਦੇ ਦੌਰਾਨ ਅਚਾਨਕ ਬਿਜਲੀ



ਡਿੱਗਣ ਨਾਲ ਜ਼ਮੀਨ 'ਤੇ ਡਿੱਗ ਗਈ, ਜਿਸ ਨਾਲ ਕਈ ਖਿਡਾਰੀ ਜ਼ਖਮੀ ਹੋ ਗਏ। ਘਟਨਾ ਵਿੱਚ, ਤਰਨਦੀਪ ਵਜੋਂ ਪਛਾਣੇ ਗਏ ਇੱਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸਦੀ ਲਾਸ਼ ਨੂੰ ਗੜ੍ਹਸ਼ੰਕਰ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ ਵਿੱਚ ਰੱਖਿਆ ਗਿਆ ਹੈ। ਦੋਵੇਂ ਜ਼ਖਮੀ ਨੌਜਵਾਨਾਂ ਨੂੰ ਤੁਰੰਤ ਨਵਾਂਸ਼ਹਿਰ ਦੇ ਇੱਕ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਹਾਲਾਂਕਿ, ਇਹ ਰਿਪੋਰਟ ਦਰਜ ਕਰਨ ਤੱਕ, ਦੋਵੇਂ ਪੂਰੀ ਤਰ੍ਹਾਂ ਹੋਸ਼ ਵਿੱਚ ਨਹੀਂ ਆਏ ਸਨ।

# ਖੰਨਾ 'ਚ ਨੌਕਰ ਨੇ ਕੀਤਾ ਭਰੋਸੇ ਦਾ ਕਤਲ - ਕਰੋੜਾਂ ਦੇ ਗਹਿਣੇ ਚੁਰਾ ਕੇ ਯੂਪੀ 'ਚ ਬਣਵਾ ਰਿਹਾ ਸੀ ਕੋਠੀ, ਬੱਚਿਆਂ ਨੇ ਖੋਲ੍ਹੀ ਪੋਲ

**ਖੰਨਾ।** ਖੰਨਾ ਤੋਂ ਇਕ ਹੈਰਾਨੀਜਨਕ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਇਕ ਘਰੇਲੂ ਨੌਕਰ ਨੇ ਆਪਣੇ ਮਾਲਕਾਂ ਦੇ ਭਰੋਸੇ ਦਾ ਫਾਇਦਾ ਚੁੱਕਦੇ ਹੋਏ ਕਰੋੜਾਂ ਦੇ ਗਹਿਣਿਆਂ 'ਤੇ ਹੱਥ ਸਾਫ ਕਰ ਦਿੱਤਾ। ਕੋਵਿਡ ਸਮੇਂ ਦੌਰਾਨ ਬਜ਼ੁਰਗ ਮਹਿਲਾ ਦੀ ਦੇਖਭਾਲ ਲਈ ਰੱਖਿਆ ਗਿਆ ਨਨਕੂ ਉਰਫ ਪੱਪੂ ਚੌਧਰੀ ਹੌਲੀ-ਹੌਲੀ ਪਰਿਵਾਰ ਦਾ ਵਿਸ਼ਵਾਸ ਜਿੱਤ ਗਿਆ ਅਤੇ ਘਰ ਦੇ ਹਰ ਕੋਨੇ ਬਾਰੇ ਜਾਣਕਾਰੀ ਹਾਸਲ ਕਰ ਲੀ। ਇਸ ਦੌਰਾਨ ਉਸਨੇ ਜਾਣ ਲਿਆ ਕਿ ਵਿਦੇਸ਼ ਰਹਿੰਦੀ ਪਰਿਵਾਰ ਦੀ ਧੀ ਆਪਣੇ ਕੀਮਤੀ ਗਹਿਣੇ ਘਰ ਵਿੱਚ ਰੱਖ ਕੇ ਗਈ ਹੋਈ ਹੈ। ਲਾਲਚ ਵਿੱਚ ਆ ਕੇ ਉਸਨੇ ਆਪਣੀ ਪਤਨੀ ਸਪਨਾ ਨਾਲ ਮਿਲ ਕੇ ਚੋਰੀ ਦੀ ਯੋਜਨਾ ਤਿਆਰ ਕੀਤੀ ਅਤੇ ਮੌਕਾ ਮਿਲਦੇ ਹੀ ਗਹਿਣੇ ਚੁਰਾ ਲਏ। ਮਾਮਲਾ ਉਸ ਵੇਲੇ ਬੇਨਕਾਬ ਹੋਇਆ ਜਦੋਂ ਪਰਿਵਾਰ ਨੇ ਆਪਣੇ ਤੌਰ 'ਤੇ ਜਾਂਚ ਕਰਦਿਆਂ ਨੌਕਰ ਦੇ ਬੱਚਿਆਂ ਨਾਲ ਗੱਲ ਕੀਤੀ।



ਮਾਸੂਮ ਬੱਚਿਆਂ ਨੇ ਦੱਸ ਦਿੱਤਾ ਕਿ ਉਨ੍ਹਾਂ ਦੇ ਪਿਤਾ ਨੇ ਗਹਿਣੇ ਘਰ ਵਿੱਚ ਹੀ ਜ਼ਮੀਨ ਹੇਠਾਂ ਦੱਬੇ ਹੋਏ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਖੁਦਾਈ ਕਰਕੇ ਕੁਝ ਗਹਿਣੇ ਬਰਾਮਦ ਕੀਤੇ ਗਏ। ਇਸਦੇ ਨਾਲ ਹੀ ਇਹ ਵੀ ਸਾਹਮਣੇ ਆਇਆ ਕਿ ਦੋਸ਼ੀ ਉੱਤਰ ਪ੍ਰਦੇਸ਼ ਵਿੱਚ ਇੱਕ ਸ਼ਾਨਦਾਰ ਕੋਠੀ ਤਿਆਰ ਕਰਵਾ ਰਿਹਾ ਸੀ ਅਤੇ ਆਰਾਮਦਾਇਕ ਜ਼ਿੰਦਗੀ ਜੀ ਰਿਹਾ ਸੀ। ਪੁਲਿਸ ਨੂੰ ਸੂਚਿਤ ਕਰਨ 'ਤੇ ਖੰਨਾ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੋਹਾਂ ਪਤੀ-ਪਤਨੀ ਨੂੰ ਗ੍ਰਿਫਤਾਰ ਕਰ ਲਿਆ। ਰਿਮਾਂਡ ਦੌਰਾਨ ਕੁਝ ਗਹਿਣੇ ਹੋਰ ਵੀ ਬਰਾਮਦ ਹੋਏ ਹਨ, ਜਦਕਿ ਬਾਕੀ ਦੀ ਭਾਲ ਜਾਰੀ ਹੈ। ਜਾਂਚ ਵਿੱਚ ਇਹ ਵੀ ਖੁਲਾਸਾ ਹੋਇਆ ਕਿ ਦੋਸ਼ੀ ਪਹਿਲਾਂ ਵੀ ਚੋਰੀ ਦੇ ਮਾਮਲੇ ਵਿੱਚ ਸ਼ਾਮਲ ਰਹਿ ਚੁੱਕਾ ਹੈ। ਇਹ ਘਟਨਾ ਇਕ ਵਾਰ ਫਿਰ ਦਰਸਾਉਂਦੀ ਹੈ ਕਿ ਅੰਨ੍ਹਾ ਭਰੋਸਾ ਕਈ ਵਾਰ ਵੱਡੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੰਜਾਬ ਦੇ ਉੱਘੇ ਕਾਰੋਬਾਰੀ ਨੇ ਸੱਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਕੀਤੀ ਫ਼ਤਿਹ




**ਟਾਂਡਾ ਉੜਮੁੜ :** ਟਾਂਡਾ ਉੜਮੁੜ ਦੇ ਪਿੰਡ ਜੌਹਲ ਦੇ ਰਹਿਣ ਵਾਲੇ ਉੱਘੇ ਕਾਰੋਬਾਰੀ, ਸਮਾਜ ਸੇਵੀ ਪਰਬਤਰੋਹੀ ਹਰਦੀਪ ਸਿੰਘ ਜੌਹਲ ਨੇ ਸੱਭ ਤੋਂ ਉੱਚੀ ਚੋਟੀ ਮੰਨੀ ਜਾਂਦੀ ਮਾਊਂਟ ਐਵਰੈਸਟ 'ਤੇ ਬੇਸ ਕੈਂਪ 'ਚ ਪਹੁੰਚ ਕੇ ਟਾਂਡਾ ਦਾ ਨਾਮ ਰੌਸ਼ਨ ਕੀਤਾ ਹੈ।ਜਾਣਕਾਰੀ ਅਨੁਸਾਰ ਹਰਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਨੇ ਅਪਣੇ ਦੋ ਹੋਰਨਾਂ ਸਾਥੀਆਂ ਸਮੇਤ ਕਰੀਬ 6 ਦਿਨਾਂ 'ਚ 5364 ਫੁਟ ਦੀ ਉਚਾਈ 'ਤੇ ਪਹੁੰਚ ਕੇ ਬੇਸ ਕੈਂਪ 'ਚ ਝੰਡਾ ਲਹਿਰਾਇਆ। ਇਸ ਸਬੰਧੀ ਹੋਰ ਗੱਲਬਾਤ ਕਰਦੇ ਹੋਏ ਹਰਦੀਪ ਜੌਹਲ ਨੇ ਦਸਿਆ ਕਿ ਆਮ ਤੌਰ 'ਤੇ ਬੇਸ ਕੈਂਪ ਵਿਚ ਪਹੁੰਚਣ ਲਈ 9 ਤੋਂ 10 ਦਿਨ ਦਾ ਸਮਾਂ ਲਗਦਾ ਹੈ ਪਰ ਉਨ੍ਹਾਂ ਵਲੋਂ ਇਹ ਉਚਾਈ 'ਤੇ ਪਹੁੰਚਣ ਲਈ ਕਰੀਬ 6 ਦਿਨ ਲੱਗੇ ਹਨ। ਉਨ੍ਹਾਂ ਵਲੋਂ ਕੀਤੀ ਗਈ ਇਸ ਪ੍ਰਾਪਤੀ 'ਤੇ ਟਾਂਡਾ ਇਲਾ-ਕੇ ਵਿਚ ਵੱਖ-ਵੱਖ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦੇ ਹੋਏ ਭਵਿੱਖ ਲਈ ਵੀ ਸ਼ੁਭਕਾਮਨਾਵਾਂ ਦਿਤੀਆਂ ਹਨ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਅਮਰੀਕਾ ਵਿੱਚ ਪੰਜਾਬੀ ਡਰਾਈਵਰਾਂ 'ਤੇ ਵੱਡੀ ਕਾਰਵਾਈ, ਰਾਤੋ-ਰਾਤ 1,790 ਲੋਕਾਂ ਦੇ ਲਾਇਸੈਂਸ ਕੀਤੇ ਰੱਦ





**ਅਮਰੀਕਾ।** ਅਮਰੀਕਾ ਦੇ ਇੰਡੀਆਨਾ ਸੂਬੇ ਨੇ ਗੈਰ-ਕਾਨੂੰਨੀ ਤੌਰ 'ਤੇ ਗਏ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਇੰਡੀਆਨਾ ਦੇ ਨਵੇਂ ਕਾਨੂੰਨ ਕਾਰਨ 1790 ਡਰਾਈਵਰਾਂ ਨੂੰ ਆਪਣੀਆਂ ਨੌਕਰੀਆਂ ਗੁਆਉਣੀਆਂ ਪਈਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸਨ। ਗਵਰਨਰ ਮਾਈਕ ਬ੍ਰੌਨ ਨੇ ਮਾਰਚ 2026 ਵਿੱਚ ਹਾਊਸ ਐਨਰੋਲਡ ਐਕਟ 1200 'ਤੇ ਦਸਤਖਤ ਕੀਤੇ ਸਨ।ਇੰਡੀਆਨਾ ਭੰਡ਼ ਨੇ 16 ਮਾਰਚ ਨੂੰ 1790 ਡਰਾਈਵਰਾਂ ਨੂੰ ਲਾਇਸੈਂਸ ਰੱਦ ਕਰਨ ਬਾਰੇ ਸੂਚਿਤ ਕਰਦੇ ਹੋਏ ਨੋਟਿਸ ਭੇਜੇ। ਸਾਰੇ ਗੈਰ-ਨਿਵਾਸੀ ਲਾਇਸੈਂਸ (ਜਿਨ੍ਹਾਂ ਕੋਲ H-2A, H-2B, ਜਾਂ E-2 ਵੀਜ਼ਾ ਨਹੀਂ ਹਨ) 1 ਅਪ੍ਰੈਲ ਨੂੰ ਆਪਣੇ ਆਪ ਐਕਸਪਾਇਰ ਹੋ ਜਾਣਗੇ। ਇੰਡੀਆਨਾ ਅਮਰੀਕਾ ਦਾ ਪਹਿਲਾ ਸੂਬਾ ਹੈ ਜਿਸ ਨੇ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ 'ਤੇ ਕਾਰਵਾਈ ਕੀਤੀ ਹੈ। ਗਵਰਨਰ ਮਾਈਕ ਬ੍ਰੌਨ ਨੇ ਕਿਹਾ ਕਿ ਇਹ ਫੈਸਲਾ ਫਰਵਰੀ 2026 ਵਿੱਚ ਪੰਜਾਬੀ ਟਰੱਕ ਡਰਾਈਵਰਾਂ ਨਾਲ ਸਬੰਧਤ ਦੋ ਵੱਡੇ ਹਾਦਸਿਆਂ ਤੋਂ ਬਾਅਦ ਲਿਆ ਗਿਆ। ਫਰਵਰੀ 2026 ਵਿੱਚ, ਸੁਖਦੀਪ ਸਿੰਘ ਦੇ ਟਰੱਕ ਨਾਲ ਹੋਏ ਹਾਦਸੇ ਵਿੱਚ ਇੱਕ 64 ਸਾਲਾ ਵਿਅਕਤੀ ਦੀ ਮੌਤ ਹੋ ਗਈ ਸੀ।ਸਰਕਾਰ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਗੈਰ-ਸਿਖਿਅਤ ਅਤੇ ਅਯੋਗ ਡਰਾਈਵਰਾਂ ਨੂੰ ਰੋਕਿਆ ਜਾਵੇਗਾ ਅਤੇ ਸੜਕਾਂ ਨੂੰ ਸੁਰੱਖਿਅਤ ਬਣਾਇਆ ਜਾਵੇਗਾ। ਨਵੇਂ ਨਿਯਮ ਲਈ ਅੰਗਰੇਜ਼ੀ ਵਿੱਚ ਮੁਹਾਰਤ ਦੀ ਲੋੜ ਹੈ। ਰੱਦ ਕੀਤੇ ਲਾਇਸੈਂਸਾਂ ਵਾਲੇ ਡਰਾਈਵਰਾਂ ਨੂੰ ਨੌਕਰੀ 'ਤੇ ਰੱਖਣ ਵਾਲੇ ਟਰੱਕ ਮਾਲਕਾਂ ਨੂੰ 50,000 ਡਾਲਰ ਦਾ ਜੁਰਮਾਨਾ ਲਗਾਇਆ ਜਾਵੇਗਾ। ਇੰਡੀਆਨਾ ਦੇ ਅਟਾਰਨੀ ਜਨਰਲ ਟੌਡ ਰੌਕਟਾ ਨੇ ਕਿਹਾ ਕਿ ਸਾਡਾ ਉਦੇਸ਼ ਕਿਸੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਸਟੀਅਰਿੰਗ ਵ੍ਹੀਲ ਦੇ ਪਿੱਛੇ ਬੈਠਾ ਵਿਅਕਤੀ ਪੂਰੀ ਤਰ੍ਹਾਂ ਸਿਖਲਾਈ ਪ੍ਰਾਪਤ ਅਤੇ ਕਾਨੂੰਨੀ ਤੌਰ 'ਤੇ ਯੋਗ ਹੋਵੇ।

## ਭਾਰਤ ਸਮੇਤ ਚਾਰ ਦੇਸ਼ਾਂ ਵਿਚ ਹਿੱਲੀ ਧਰਤੀ

**ਮੋਹਾਲੀ।** ਸ਼ੁਕਰਵਾਰ ਰਾਤ 9.45 ਤੇ ਦਿੱਲੀ-ਐਨਸੀਆਰ, ਚੰਡੀਗੜ੍ਹ, ਮੋਹਾਲੀ ਅਤੇ ਜੰਮੂ-ਕਸ਼ਮੀਰ ਸਮੇਤ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿਚ ਭੂਚਾਲ ਦੇ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਲੋਕ ਘਬਰਾਹਟ ਵਿਚ ਘਰਾਂ ਤੋਂ ਬਾਹਰ ਨਿਕਲ ਆਏ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਵੀ ਲੋਕਾਂ ਨੇ ਇਹ ਝਟਕੇ ਮਹਿਸੂਸ ਕੀਤੇ। ਹਾਲਾਂਕਿ, ਕਿਸੇ ਤਰ੍ਹਾਂ ਦੇ ਨੁਕਸਾਨ ਜਾਂ ਜਾਨੀ ਹਾਨੀ ਦੀ ਕੋਈ ਖ਼ਬਰ ਨਹੀਂ ਹੈ। ਭੂਚਾਲ ਦਾ ਕੇਂਦਰ ਅਫਗਾਨਿਸਤਾਨ ਦੇ ਹਿੰਦੂਕੁਸ਼ ਪਹਾੜ ਸਨ। ਰਿਕਟਰ ਸਕੇਲ ਉਤੇ ਇਸਦੀ ਤੀਵਰਤਾ 5.9 ਮਾਪੀ ਗਈ। ਜੰਮੂ-ਕਸ਼ਮੀਰ ਦੇ ਕਈ ਇਲਾਕਿਆਂ ਵਿਚ ਲਗਭਗ 10 ਤੋਂ 15 ਸਕਿੰਟ ਤਕ ਧਰਤੀ ਹਿੱਲਦੀ ਰਹੀ। ਕੁਪਵਾਰਾ ਜ਼ਿਲ੍ਹੇ ਵਿਚ ਵੀ ਲੋਕਾਂ ਨੇ ਝਟਕੇ ਮਹਿਸੂਸ ਕੀਤੇ, ਜਿਸ ਕਾਰਨ ਕੁੱਝ ਸਮੇਂ ਲਈ ਅਫ਼ਰਾ-ਤਫ਼ਰੀ ਦਾ ਮਾਹੌਲ ਬਣ ਗਿਆ। ਇਹ ਭੂਚਾਲ ਦੇ ਝਟਕੇ ਭਾਰਤ, ਪਾਕਿਸਤਾਨ, ਅਫਗਾਨਿਸਤਾਨ ਅਤੇ ਤਾਜਿਕਿਸਤਾਨ ਵਿਚ ਮਹਿਸੂਸ ਕੀਤੇ ਗਏ। ਹਿਮਾਚਲ ਪ੍ਰਦੇਸ਼ ਦੇ ਕੁੱਝ ਹਿੱਸਿਆਂ ਵਿਚ ਵੀ ਧਰਤੀ ਹਿੱਲੀ। ਜਾਣਕਾਰੀ ਮੁਤਾਬਕ, ਅਫਗਾਨਿਸਤਾਨ-ਤਾਜਿਕਿਸਤਾਨ ਸਰਹੱਦ ਖੇਤਰ ਵਿਚ 5.9 ਤੀਵਰਤਾ ਦਾ ਭੂਚਾਲ ਆਇਆ, ਜਿਸਦੇ ਝਟਕੇ ਜੰਮੂ-ਕਸ਼ਮੀਰ ਸਮੇਤ ਉੱਤਰੀ ਭਾਰਤ ਦੇ ਕਈ ਹਿੱਸਿਆਂ ਵਿਚ ਮਹਿਸੂਸ ਕੀਤੇ ਗਏ। ਭੂਚਾਲ ਦਾ ਕੇਂਦਰ 71.01 ਡਿਗਰੀ ਪੂਰਬੀ ਦੇਸ਼ਾਂਤਰ ਅਤੇ 36.52 ਡਿਗਰੀ ਉੱਤਰੀ ਅਕਸ਼ਾਂਸ਼ ਉਤੇ ਸੀ, ਜਦਕਿ ਇਸਦੀ ਗਹਿਰਾਈ 175 ਕਿਲੋਮੀਟਰ ਦਰਜ ਕੀਤੀ ਗਈ।

# ਟਰੰਪ ਦਾ ਵੱਡਾ ਫੈਸਲਾ: ਵਿਦੇਸ਼ੀ ਦਵਾਈਆਂ 'ਤੇ 100% ਟੈਰਿਫ ਲਾਗੂ, ਭਾਰਤੀ ਫਾਰਮਾ ਉਦਯੋਗ ਲਈ ਵਧੀ ਚਿੰਤਾ

**ਅਮਰੀਕਾ।** ਮੱਧ ਪੂਰਬ ਵਿੱਚ ਜਾਰੀ ਜੰਗ ਦੇ ਦਰਮਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਸਖ਼ਤ ਆਰਥਿਕ ਫੈਸਲਾ ਲੈਂਦਿਆਂ ਪੇਟੈਂਟ ਦਵਾਈਆਂ ਦੇ ਆਯਾਤ 'ਤੇ 100 ਫੀਸਦੀ ਟੈਰਿਫ (ਟੈਕਸ) ਲਗਾ ਦਿੱਤਾ ਹੈ। ਵੀਰਵਾਰ ਨੂੰ ਲਾਗੂ ਕੀਤੇ ਗਏ ਇਸ ਨਵੇਂ ਢਾਂਚੇ ਤਹਿਤ ਭਾਰਤ ਸਮੇਤ ਉਨ੍ਹਾਂ ਸਾਰੇ ਦੇਸ਼ਾਂ ਤੋਂ ਆਉਣ ਵਾਲੀਆਂ ਪੇਟੈਂਟ ਦਵਾਈਆਂ 'ਤੇ ਇਹ ਟੈਕਸ ਲੱਗੇਗਾ, ਜਿਨ੍ਹਾਂ ਨੇ ਅਮਰੀਕੀ ਵਣਜ ਵਿਭਾਗ ਨਾਲ 'ਰੀਸ਼ੋਰਿੰਗ' (Reshoirng) ਸਮਝੌਤੇ ਜਾਂ ਸਿਹਤ ਵਿਭਾਗ (HHS) ਨਾਲ 'ਮੋਸਟ ਫੇਵਰਡ ਨੇਸ਼ਨ' (MFN) ਮੁੱਲ ਨਿਰਧਾਰਨ ਸਮਝੌਤੇ 'ਤੇ ਦਸਤਖਤ ਨਹੀਂ ਕੀਤੇ ਹਨ।

### ਵਿਦੇਸ਼ੀ ਨਿਰਭਰਤਾ ਘਟਾਉਣ ਦੀ ਕੋਸ਼ਿਸ਼

ਵ੍ਹਾਈਟ ਹਾਊਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਕਦਮ ਜ਼ਰੂਰੀ ਦਵਾਈਆਂ ਲਈ ਦੂਜੇ ਦੇਸ਼ਾਂ 'ਤੇ ਅਮਰੀਕਾ ਦੀ ਨਿਰਭਰਤਾ ਨੂੰ ਘਟਾਉਣ ਲਈ ਚੁੱਕਿਆ ਗਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਭਾਰਤ ਤੋਂ ਆਉਣ ਵਾਲੀ ਕੋਈ ਵੀ ਅਜਿਹੀ ਪੇਟੈਂਟ ਦਵਾਈ, ਜੋ ਉਨ੍ਹਾਂ ਕੰਪਨੀਆਂ ਦੁਆਰਾ ਬਣਾਈ ਗਈ ਹੈ ਜਿਨ੍ਹਾਂ ਨੂੰ ਅਮਰੀਕੀ 'ਰੀਸ਼ੋਰਿੰਗ' ਯੋਜਨਾ ਤਹਿਤ ਮਨਜ਼ੂਰੀ ਨਹੀਂ ਮਿਲੀ, ਉਸ 'ਤੇ 100% ਟੈਰਿਫ ਦੇਣਾ ਹੋਵੇਗਾ।

### ਜੈਨਰਿਕ ਦਵਾਈਆਂ ਨੂੰ ਫਿਲਹਾਲ ਰਾਹਤ, ਪਰ ਚਿਤਾਵਨੀ ਜਾਰੀ

ਭਾਰਤੀ ਫਾਰਮਾ ਨਿਰਯਾਤ ਦਾ ਵੱਡਾ ਹਿੱਸਾ 'ਜੈਨਰਿਕ ਦਵਾਈਆਂ' (Geneirc Meidicnes) ਹਨ, ਜਿਨ੍ਹਾਂ ਨੂੰ



ਫਿਲਹਾਲ ਇਸ ਟੈਕਸ ਤੋਂ ਮੁਕਤ ਰੱਖਿਆ ਗਿਆ ਹੈ। ਹਾਲਾਂਕਿ, ਅਮਰੀਕੀ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੈਨਰਿਕ ਦਵਾਈ ਉਦਯੋਗ ਨੇ ਆਪਣਾ ਉਤਪਾਦਨ ਤੇਜ਼ੀ ਨਾਲ ਅਮਰੀਕਾ ਵਿੱਚ ਤਬਦੀਲ ਨਾ ਕੀਤਾ, ਤਾਂ ਭਵਿੱਖ ਵਿੱਚ ਉਨ੍ਹਾਂ 'ਤੇ ਵੀ ਟੈਰਿਫ ਲਗਾਇਆ ਜਾ ਸਕਦਾ ਹੈ।

ਵੱਡੀਆਂ ਕੰਪਨੀਆਂ ਲਈ ਲਾਗੂ ਹੋਣ ਦੀ ਮਿਤੀ: 31 ਜੁਲਾਈ

ਛੋਟੀਆਂ ਕੰਪਨੀਆਂ ਲਈ ਲਾਗੂ ਹੋਣ ਦੀ ਮਿਤੀ: 29 ਸਤੰਬਰ

### ਧਾਤਾਂ (Metals) 'ਤੇ ਨਿਯਮ ਕੀਤੇ ਨਰਮ

ਦਵਾਈਆਂ 'ਤੇ ਸਖ਼ਤੀ ਦੇ ਉਲਟ, ਟਰੰਪ ਪ੍ਰਸ਼ਾਸਨ ਨੇ ਧਾਤਾਂ ਨਾਲ ਬਣੇ ਉਤਪਾਦਾਂ ਲਈ ਨਿਯਮਾਂ ਨੂੰ ਕੁਝ ਸਰਲ ਬਣਾਇਆ ਹੈ:

15% ਤੋਂ ਘੱਟ ਧਾਤੂ: ਜਿਨ੍ਹਾਂ ਉਤਪਾਦਾਂ ਵਿੱਚ ਧਾਤ ਦੀ ਮਾਤਰਾ ਕੁੱਲ ਵਜ਼ਨ ਦੇ 15% ਤੋਂ ਘੱਟ ਹੈ, ਉਨ੍ਹਾਂ 'ਤੇ ਕੋਈ ਵੱਖਰਾ ਧਾਤੂ ਸ਼ੁਲਕ ਨਹੀਂ ਲੱਗੇਗਾ।

15% ਤੋਂ ਵੱਧ ਧਾਤੂ: ਜੇਕਰ ਧਾਤ ਦੀ ਮਾਤਰਾ 15% ਤੋਂ ਜ਼ਿਆਦਾ ਹੈ, ਤਾਂ ਪੂਰੇ ਉਤਪਾਦ ਦੀ ਕੀਮਤ 'ਤੇ 25 ਫੀਸਦੀ ਇਕਸਾਰ ਸ਼ੁਲਕ ਲਾਗੂ ਹੋਵੇਗਾ, ਚਾਹੇ ਉਸ ਵਿੱਚ ਕਿਸੇ ਵੀ ਕਿਸਮ ਦੀ ਧਾਤੂ ਵਰਤੀ ਗਈ ਹੋਵੇ।

SHAM LAL CHANDER
ID no. 921760
BUILDING MAINTENANCE HANDYMAN (CHECKATRADE)




Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਅਤੇ ਸਰਪੰਚ ਅਰਸ਼ਵਿੰਦਰ ਸਿੰਘ ਦੇ ਯਤਨਾਂ ਨਾਲ 'ਭਲੂਰ' 'ਚ ਤਿਆਰ ਹੋ ਰਿਹਾ ਵਿਸ਼ਾਲ ਖੇਡ ਗਰਾਊਂਡ

## 38 ਲੱਖ 52 ਹਜ਼ਾਰ ਰੁਪਏ ਦੀ ਲਾਗਤ ਨਾਲ ਬਣ ਰਿਹਾ ਭਲੂਰ ਪਿੰਡ ਦਾ ਖੇਡ ਗਰਾਊਂਡ

**ਭਲੂਰ/ਬੇਅੰਤ ਗਿੱਲ**

ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਆਮ ਆਦਮੀ ਪਾਰਟੀ ਲਗਾਤਾਰ ਯਤਨਸ਼ੀਲ ਹੈ। ਬਾਘਾਪੁਰਾਣਾ ਹਲਕੇ ਦਾ ਐੱਮ ਐੱਲ ਏ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਇਕ ਚੰਗੀ ਸੋਚ ਰੱਖਣ ਵਾਲਾ ਇਮਾਨਦਾਰ ਨੌਜਵਾਨ ਹੈ। ਉਹ ਪਿਛਲੇ ਸਮੇਂ ਤੋਂ ਨਿਰੰਤਰ ਆਪਣੇ ਹਲਕੇ ਅੰਦਰ ਵਿਲੱਖਣ ਕਾਰਜਾਂ ਨੂੰ ਲੈ ਕੇ ਚਰਚਾ ਵਿੱਚ ਹੈ। ਉਸਦੇ ਕੰਮਾਂ ਉਪਰ ਸਭ ਦੀ ਅੱਖ ਟਿਕੀ ਹੋਈ ਦਿਖ ਰਹੀ ਹੈ। ਪਿੰਡ ਭਲੂਰ ਬਾਘਾਪੁਰਾਣਾ ਹਲਕੇ ਦਾ ਵੱਡਾ ਪਿੰਡ ਹੈ। ਇਸ ਪਿੰਡ ਉੱਪਰ ਜਿੱਥੇ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਵਰਗੇ ਇਮਾਨਦਾਰ ਐੱਮ ਐੱਲ ਏ ਦੀ ਸਵੱਲੀ ਨਜ਼ਰ ਹੈ, ਉੱਥੇ ਹੀ ਪਿੰਡ ਭਲੂਰ ਨੂੰ ਹਿੰਮਤੀ, ਪੜ੍ਹੇ ਲਿਖੇ ਤੇ ਸੂਝਵਾਨ ਨੌਜਵਾਨ ਸਰਪੰਚ ਦਾ ਮਿਲਣਾ ਵੀ ਮਾਣ ਵਾਲੀ ਗੱਲ ਹੈ। ਪਿਛਲੇ ਸਮੇਂ ਤੋਂ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਪਿੰਡ ਭਲੂਰ ਅੰਦਰ ਲਗਾਤਾਰ ਵਿਕਾਸ ਕਾਰਜਾਂ ਲਈ ਹਿੱਕ ਡਾਹ ਕੇ ਖੜ੍ਹਾ ਹੈ। ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦੇ ਥਾਪੜੇ ਨਾਲ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਪਿੰਡ ਅੰਦਰ ਲਗਾਤਾਰ ਕੰਮ ਕਰ ਰਿਹਾ ਹੈ। ਪਿੰਡ ਭਲੂਰ ਵਾਸੀ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਦੇ ਕੰਮਾਂ ਤੋਂ ਬਾਗੋਬਾਗ ਹਨ। ਅੱਜ ਇੱਥੇ ਲੋਕਾਂ ਦੇ ਭਰਵੇਂ ਇਕੱਠ ਵਿਚ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਨਵੇਂ ਖੇਡ ਗਰਾਊਂਡ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਉਹ ਆਪਣੇ ਲੋਕਾਂ ਲਈ ਹਮੇਸ਼ਾ ਹਾਜ਼ਿਰ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡ ਗਰਾਊਂਡਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਖੇਡ ਗਰਾਊਂਡ ਦੀ ਉਸਾਰੀ ਲਈ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਪਿਛਲੇ ਇਕ ਸਾਲ ਤੋਂ ਲਗਾਤਾਰ ਮਿਹਨਤ ਕਰ ਰਿਹਾ ਹੈ, ਅੱਜ ਇੱਥੇ ਸਮੁੱਚੇ ਪਿੰਡ ਨੇ ਜਿੱਥੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਦਾ ਧੰਨਵਾਦ ਕੀਤਾ, ਉੱਥੇ ਹੀ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਅਤੇ ਸਮੁੱਚੀ ਗ੍ਰਾਮ ਪੰਚਾਇਤ ਦਾ ਧੰਨਵਾਦ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਨੌਜਵਾਨ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਛੋਟੀ ਉਮਰ ਦਾ ਨੌਜਵਾਨ ਹੈ, ਪਰ ਉਸ ਨੇ ਪਿੰਡ ਲਈ ਵੱਡੇ ਉਪਰਾਲੇ ਕੀਤੇ ਹਨ , ਜੋ ਇਤਿਹਾਸ ਦੇ ਪੰਨਿਆਂ 'ਤੇ ਉਕਰੇ ਰਹਿਣਗੇ। ਪਿੰਡ ਵਿੱਚ ਜਿੱਥੇ ਪਹਿਲਾਂ ਹੀ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾ ਚੁੱਕੇ ਹਨ, ਉੱਥੇ ਅੱਜ 38 ਲੱਖ 52 ਹਜ਼ਾਰ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਗਰਾਊਂਡ ਦਾ ਨੀਂਹ ਪੱਥਰ ਰੱਖਿਆ ਗਿਆ ਹੈ। ਇਸ ਵੱਡੇ ਕਾਰਜ ਨੂੰ ਦੇਖਦਿਆਂ ਲੋਕਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਉਹ ਵਰ੍ਹਦੇ ਮੀਂਹ ਵਿੱਚ ਵੀ ਡਟ ਕੇ ਐੱਮ ਐੱਲ ਏ ਅੰਮ੍ਰਿਤਪਾਲ ਸਿੰਘ ਸੁਖਾਨੰਦ ਅਤੇ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਰਹੇ। ਇਸ ਮੌਕੇ ਸੀਨੀਅਰ ਆਪ ਆਗੂ ਬਲਵਿੰਦਰ ਸਿੰਘ ਮਾਹਲਾ ਕਲਾਂ ਨੇ ਕਿਹਾ ਕਿ ਅੱਜ ਦਾ ਸਮਾਗਮ ਸਾਰੇ ਸਮਾਗਮਾਂ ਤੋਂ ਅਲੱਗ ਤੇ ਭਾਵਪੂਰਤ ਰਿਹਾ। ਉਨ੍ਹਾਂ ਕਿਹਾ ਕਿ ਲੋਕ ਵਰ੍ਹਦੇ ਮੀਂਹ ਵਿੱਚ ਵੀ ਵਿਧਾਇਕ ਨਾਲ ਫੋਟੋਆਂ ਕਰਵਾਉਣ ਲਈ ਉਤਾਵਲੇ ਸਨ। ਇਹ ਗੱਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਲੋਕ ਉਨ੍ਹਾਂ ਦੇ ਕੰਮਾਂ ਤੋਂ ਬਾਗੋਬਾਗ ਹਨ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਡਾ ਬਸੰਤ ਸਿੰਘ ਸੰਧੂ ਨੇ ਬਾਖੂਬੀ ਨਿਭਾਈ। ਉਨ੍ਹਾਂ ਬੜੇ ਸੁਚੱਜੇ ਸ਼ਬਦਾਂ ਵਿਚ ਪਿੰਡ ਦੀਆਂ ਹੋਰ ਲੋੜਾਂ ਦਾ ਜ਼ਿਕਰ ਕਰਦਿਆਂ ਵਿਧਾਇਕ ਸੁਖਾਨੰਦ ਨੂੰ ਜਾਣੂ ਕਰਵਾਇਆ। ਇਸ ਦੌਰਾਨ ਭਾਈ ਗਰੀਬੂ ਦਾਸ ਕਲੱਬ, ਸ੍ਰੀ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਸੁਸਾਇਟੀ ਭਲੂਰ, ਕ੍ਰਿਕਟ ਕਲੱਬ ਭਲੂਰ ਅਤੇ ਹੋਰ ਵੱਖ-ਵੱਖ ਸੰਸਥਾਵਾਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸੇ ਤਰ੍ਹਾਂ ਵਿਸ਼ੇਸ਼ ਸਹਿਯੋਗ ਪੰਚਾਇਤ ਮੈਂਬਰ ਗਿੰਦਰਪਾਲ ਸਹਿਗਲ ਦੇ ਪਰਿਵਾਰ ਵੱਲੋਂ ਦਿੱਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਭੁਪਿੰਦਰ ਸਿੰਘ ਭਿੰਦਾ ਭਾਊ, ਮਾਸਟਰ ਸੁਖਦੇਵ ਸਿੰਘ ਸੀਨੀਅਰ ਆਗੂ, ਮਾਸਟਰ ਬਿੱਕਰ ਸਿੰਘ, ਦੀਪੂ ਸਿੰਘਾਪੁਰ, ਇਕਾਈ ਭਲੂਰ ਦੇ ਪ੍ਰਧਾਨ ਪ੍ਰਭਜੋਤ ਸਿੰਘ ਸੰਧੂ, ਕਿਸਾਨ ਵਿੰਗ ਦੇ ਪ੍ਰਧਾਨ ਮਨਜੀਤ ਸਿੰਘ, ਐਸ ਈ ਵਿੰਗ ਦੇ ਪ੍ਰਧਾਨ ਸਿੰਬਲ ਸਿੰਘ, ਆਪ ਆਗੂ ਨੱਥਾ ਸਿੰਘ ਬਰਾੜ, ਸੀਨੀਅਰ ਯੂਥ ਆਗੂ ਹਰਿੰਦਰ ਸਿੰਘ ਛਿੰਦਾ, ਪੰਚ ਰੇਸ਼ਮ ਸਿੰਘ, ਪੰਚ ਜਗਰਾਜ ਸਿੰਘ, ਪੰਚ ਜਸਕਰਨ ਸਿੰਘ ਜਟਾਣਾ, ਪੰਚ ਸੁਰਜੀਤ ਸਿੰਘ, ਪੰਚ ਬਿੱਟੂ ਸਿੰਘ,ਪੰਚ ਚਮਕੌਰ ਸਿੰਘ, ਪੰਚ ਗੋਗੀ ਢਿੱਲੋਂ, ਯੂਥ ਵਿੰਗ ਹਲਕਾ ਪ੍ਰਧਾਨ ਗੁਰਪ੍ਰੀਤ ਸਿੰਘ ਮਾਹਲਾ ਖੁਰਦ, ਕਲੱਬ ਪ੍ਰਧਾਨ ਪਾਲਾ ਸਿੰਘ ਸੰਧੂ, ਗੁਰਿੰਦਰ ਸਿੰਘ ਲੱਕੀ, ਬਲਾਕ ਸੰਮਤੀ ਮੈਂਬਰ ਜਸਵੀਰ ਸਿੰਘ ਕੰਡਾ, ਨਿਰਮਲ ਸਿੰਘ ਵਿਰਕ, ਆਪ ਆਗੂ ਸੁਖਦੀਪ ਸਿੰਘ, ਹਰਦੀਪ ਸਿੰਘ ਹਿਪਨ, ਸੁਖਵਿੰਦਰ ਸਿੰਘ, ਭੋਲਾ ਸਿੰਘ ਢਿੱਲੋਂ, ਈਸ਼ਰ ਸਿੰਘ ਵਿਰਕ, ਦਰਸ਼ਨ ਸਿੰਘ ਖਾਲਸਾ, ਗੁਰਸੇਵਕ ਸਿੰਘ, ਬਲਦੇਵ ਸਿੰਘ ਮਿਸਤਰੀ, ਮੰਗਲ ਸਿੰਘ ਗਿੱਲ, ਅਨਵਰ ਖਾਨ, ਜਗਦੇਵ ਸਿੰਘ ਢਿੱਲੋਂ, ਮਾਸਟਰ ਜਗਰੂਪ ਸਿੰਘ ਅਤੇ ਮੈਨੇਜਰ ਮਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਿੰਡ ਵਾਸੀ ਮੌਜੂਦ ਸਨ। ਅਖੀਰ ਵਿਚ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਸਭ ਦਾ ਧੰਨਵਾਦ ਕੀਤਾ।



# ਸੰਸਦ ਮੈਂਬਰਾਂ ਖ਼ਿਲਾਫ਼ ਧਮਕੀਆਂ ਵਧੀਆਂ, ਨਵੀਂ ਸੁਰੱਖਿਆ ਇਕਾਈ ਬਣੀ

**ਲੈਸਟਰ (ਇੰਗਲੈਂਡ), 3 ਅਪ੍ਰੈਲ (ਸੁਖਜਿੰਦਰ ਸਿੰਘ ਢੱਡੇ)–** ਬ੍ਰਿਟੇਨ ਵਿੱਚ ਸੰਸਦ ਮੈਂਬਰਾਂ ਖ਼ਿਲਾਫ਼ ਵਧ ਰਹੀਆਂ ਧਮਕੀਆਂ ਅਤੇ ਦੁਰਵਿਵਹਾਰ ਦੇ ਮਾਮਲਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਨਵੀਂ ਕੌਮੀ ਲੋਕਤੰਤਰ ਸੁਰੱਖਿਆ ਇਕਾਈ ਬਣਾਈ ਗਈ ਹੈ। ਇਸ ਇਕਾਈ ਦਾ ਮਕਸਦ ਦੇਸ਼ ਭਰ ਦੀਆਂ ਪੁਲਿਸ ਫੋਰਸਾਂ ਨੂੰ ਲੋਕਤੰਤਰ ਵਿਰੋਧੀ ਅਪਰਾਧਾਂ ਦੀ ਜਾਂਚ ਅਤੇ ਰੋਕਥਾਮ ਵਿੱਚ ਖਾਸ ਸਹਾਇਤਾ ਦੇਣਾ ਹੈ।

ਅਧਿਕਾਰੀਆਂ ਮੁਤਾਬਕ 2019 ਤੋਂ ਸੰਸਦ ਮੈਂਬਰਾਂ ਖ਼ਿਲਾਫ਼ ਦਰਜ ਹੋਣ ਵਾਲੇ ਅਪਰਾਧ ਦੋਗੁਣੇ ਤੋਂ ਵੀ ਵੱਧ ਹੋ ਗਏ ਹਨ ਅਤੇ ਪਿਛਲੇ ਸਾਲ ਇਹ ਗਿਣਤੀ ਲਗਭਗ 1000 ਤੱਕ ਪਹੁੰਚ ਗਈ। ਇਨ੍ਹਾਂ ਵਿੱਚ ਜ਼ਿਆਦਾਤਰ ਮਾਮਲੇ ਧਮਕੀਭਰੇ ਸੁਨੇਹੇ, ਤੰਗ ਪਰੇਸ਼ਾਨ ਕਰਨਾ, ਇਮਾਰਤਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਕਤਲ ਦੀਆਂ ਧਮਕੀਆਂ ਨਾਲ ਜੁੜੇ ਹਨ।

ਇਸ ਨਵੀਂ ਇਕਾਈ ਦੀ ਅਗਵਾਈ ਪੁਲਿਸ ਮੁਖੀ ਕ੍ਰਿਸ ਬਾਲਮਰ ਕਰਨਗੇ। ਉਹ ਵੱਖ-ਵੱਖ ਪੁਲਿਸ ਫੋਰਸਾਂ ਵਿਚਕਾਰ ਜਾਣਕਾਰੀ ਸਾਂਝੀ ਕਰਵਾਉਣ, ਸੰਸਦ ਮੈਂਬਰਾਂ ਨੂੰ ਮਿਲ ਰਹੀਆਂ ਧਮਕੀਆਂ ਦੀ ਜਾਂਚ ਵਿੱਚ ਮਦਦ ਕਰਨ ਅਤੇ ਲੋਕਤੰਤਰ ਵਿਰੋਧੀ ਅਪਰਾਧਾਂ ਦੀ ਪਛਾਣ ਬਾਰੇ ਸਲਾਹ ਦੇਣਗੇ। ਅੰਕੜਿਆਂ ਮੁਤਾਬਕ 2019 ਤੋਂ 2025 ਤੱਕ ਮੈਟਰੋਪੋਲੀਟਨ ਪੁਲਿਸ ਕੋਲ ਸੰਸਦ ਮੈਂਬਰਾਂ ਨਾਲ ਸੰਬੰਧਤ 4064 ਅਪਰਾਧ ਦਰਜ ਹੋਏ। 2019 ਵਿੱਚ ਇਹ ਗਿਣਤੀ 364 ਸੀ ਜੋ 2025 ਵਿੱਚ ਵਧ ਕੇ 976 ਹੋ ਗਈ।

ਲੇਬਰ ਪਾਰਟੀ ਦੀ ਸੰਸਦ ਮੈਂਬਰ ਨੈਟਲੀ ਫਲੀਟ ਨੇ ਦੱਸਿਆ ਕਿ ਉਨ੍ਹਾਂ ਨੂੰ ਅਕਸਰ ਰੋਜ਼ਾਨਾ ਮੌਤ ਦੀਆਂ ਧਮਕੀਆਂ ਮਿਲਦੀਆਂ ਹਨ। ਕਈ ਵਾਰ ਸਮਾਜਿਕ ਮੀਡੀਆ 'ਤੇ ਉਨ੍ਹਾਂ ਨੂੰ ਗੋਲੀ ਮਾਰਣ ਦੀਆਂ ਅਪੀਲਾਂ ਵੀ ਕੀਤੀਆਂ ਗਈਆਂ, ਜਿਸ ਕਾਰਨ ਉਨ੍ਹਾਂ ਨੂੰ ਪੁਲਿਸ ਨਾਲ ਲਗਾਤਾਰ ਸੰਪਰਕ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੋਰ ਸੰਸਦ ਮੈਂਬਰ ਸੈਮ ਰਸ਼ਵਰਥ ਨੇ ਕਿਹਾ ਕਿ ਲਗਾਤਾਰ ਮਿਲ ਰਹੀਆਂ ਧਮਕੀਆਂ ਕਾਰਨ ਉਨ੍ਹਾਂ ਦੇ ਘਰ 'ਤੇ ਕੈਮਰੇ ਅਤੇ ਤੁਰੰਤ ਸਹਾਇਤਾ ਬਟਨ ਲਗਾਉਣੇ ਪਏ। ਉਨ੍ਹਾਂ ਕਿਹਾ ਕਿ ਇਸ ਹਾਲਤ ਦਾ ਉਨ੍ਹਾਂ ਦੇ ਪਰਿਵਾਰ 'ਤੇ ਵੀ ਡੂੰਘਾ ਅਸਰ ਪਿਆ ਹੈ।ਪੁਲਿਸ ਅਧਿਕਾਰੀਆਂ ਨੇ ਚਿੰਤਾ ਜਤਾਈ ਕਿ ਮਹਿਲਾ ਅਤੇ ਘੱਟਗਿਣਤੀ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਖਾਲੀ ਧਮਕੀਆਂ ਨਹੀਂ ਹੁੰਦੀਆਂ ਕਿਉਂਕਿ ਪਿਛਲੇ ਸਮੇਂ ਵਿੱਚ ਦੋ ਸੰਸਦ ਮੈਂਬਰਾਂ ਦੀ ਹੱਤਿਆ ਵੀ ਹੋ ਚੁੱਕੀ ਹੈ!

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਾਨਵਵਾਦੀ ਮਹਾਂਪੁਰਸ਼ਾਂ ਦੇ ਸਮਤਾ ਸਮਾਨਤਾ ਅਤੇ ਭਾਈਚਾਰਕ ਸਾਂਝ ਦੇ ਮੁੱਦਈ ਸਨ ਸ਼ਿੰਗਾਰਾ ਰਾਮ ਸਹੂੰਗੜਾ -ਦੇਵ ਰਾਜ ਸੰਧੂ



**ਫਿਲੌਰ (ਚਰਨਜੀਤ ਸੱਲ੍ਹਾਂ )** ਮਾਨਵਵਾਦੀ ਮਹਾਂਪੁਰਸ਼ਾਂ ਦੇ ਸਮਤਾ ਸਮਾਨਤਾ ਤੇ ਭਾਈਚਾਰਿਕ ਸਾਂਝ ਦੇ ਮਹਾਨ ਫਲਸਫੇ ਦੇ ਮੁੱਦਾਈ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਸੱਚੇ ਸਪੂਤ, ਲੋਕਾਈ ਦੇ ਹਮਦਰਦ ਨਿਧੜਕ ਯੋਧੇ, ਹਲਕਾ ਗੜ੍ਹਸ਼ੰਕਰ ਤੋਂ ਦੋ ਵਾਰ ਵਿਧਾਇਕ ਰਹੇ ਸ਼ੇਰ ਏ ਕੌਮ ਸ੍ਰੀ ਸ਼ਿੰਗਾਰਾ ਰਾਮ ਸਹੂੰਗੜਾ ਜੀ ਦੀ ਚੌਥੀ ਬਰਸੀ ਮੌਕੇ ਬਹੁਜਨ ਸਮਾਜ ਦੇ ਫਿਲੌਰ ਤੋਂ ਝੰਡਾਬਰਦਾਰ ਸ੍ਰੀ ਦੇਵ ਰਾਜ ਜੀ ਸੰਧੂ ਦੇ ਗ੍ਰਹਿ ਵਿਖੇ ਸਹੂੰਗੜਾ ਸਾਹਿਬ ਨੂੰ ਯਾਦ ਕਰਕੇ ਉਹਨਾਂ ਇਨਕਲਾਬੀ ਸ਼ਰਧਾਂਜਲੀ ਭੇਂਟ ਕੀਤੀ ਗਈ ਇਸ ਮੌਕੇ ਸ੍ਰੀ ਦੇਵ ਰਾਜ ਜੀ ਸੰਧੂ ਬੀਬੀ ਕਮਲਾ ਸੰਧੂ ਸਟੇਟ ਵਾਤਾਵਰਨ ਕਮੇਟੀ ਮੇਂਬਰ ਕਾਮਰੇਡ ਲਸ਼ਕਰ ਸਿੰਘ ਮਿੱਠੜਾ, ਕੌਮੀ ਚਿੱਤਰਕਾਰ ਸਰਪੰਚ ਰਾਜੇਸ਼ ਨਾਗਰਾ ਅਤੇ ਸ੍ਰੀ ਸੰਧੂ ਜੀ ਦੇ ਵੱਡੇ ਭੈਣਜੀ ਜਿਨ੍ਹਾਂ ਨੇ ਬਹੁਜਨ ਸਮਾਜ ਦੇ ਸ਼ੇਰਨੀ ਮੁੱਖ ਮੰਤਰੀ ਉੱਤਰ ਪ੍ਰਦੇਸ਼ ਮਾਇਆਵਤੀ ਜੀ ਦੇ ਨਾਲ ਫਿਲੌਰ ਫੇਰੀ ਦੌਰਾਨ ਬਹੁਜਨ ਕ੍ਰਾਂਤੀ ਦੇ ਜੁਝਾਰੂ ਯੋਧਿਆਂ ਪ੍ਰਸ਼ਾਦੇ ਬਣਾਕੇ ਆਪਣੇ ਹੱਥੀਂ ਛਕਾਉਂਦੇ ਰਹੇ, ਅੱਜ ਸਹੂੰਗੜਾ ਸਾਹਿਬ ਜੀ ਦੀ ਚੌਥੀ ਬਰਸੀ ਮੌਕੇ ਉਹਨਾਂ ਦੀ ਕ੍ਰਾਂਤੀਕਾਰੀ ਸੋਚ ਤੇ ਪਹਿਰਾ ਦੇਣ ਦਾ ਪ੍ਰਣ ਕਰਦੇ ਹਾਂ ਜੈ ਭੀਮ ਜੈ ਭਾਰਤ, ਜੈ ਸਵਿਧਾਨ ਜੈ ਕਾਂਸ਼ੀ ਰਾਮ ਜੀ।

# ਨੂਰਪੁਰ ਜੱਟਾਂ ਦੀ ਘਟਨਾ ਬਾਰੇ ਮਹਾਂ ਸਭਾ ਵੱਲੋਂ ਤਿੱਖੀ ਨਿੰਦਾ, ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ



**ਮੋਰਿੰਡਾ 3 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)**- ਆਲ ਇੰਡੀਆ ਅੰਬੇਦਕਰ ਮਹਾਂ ਸਭਾ ਪੰਜਾਬ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਗੜ੍ਹਸ਼ੰਕਰ ਨੇੜਲੇ ਪਿੰਡ ਨੂਰਪੁਰ ਜੱਟਾਂ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਬੁੱਤ ਦੀ ਬੇਅਦਬੀ ਕਰਨ ਦੀ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਦੀ ਘੋਰ ਨਿੰਦਾ ਕੀਤੀ ਹੈ। ਮਹਾਂ ਸਭਾ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਕੋਲੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਸ਼ਾਮਲ ਦੋਸ਼ੀਆਂ ਖ਼ਿਲਾਫ਼ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ ਜਾਵੇ।ਇਸ ਸਬੰਧੀ ਮੁੱਖ ਮੰਤਰੀ ਨੂੰ ਭੇਜੇ ਗਏ ਮੰਗ ਪੱਤਰ ਦੀ ਕਾਪੀ ਪ੍ਰੈਸ ਨਾਲ ਸਾਂਝੀ ਕਰਦਿਆਂ ਮਹਾਂ ਸਭਾ ਦੇ ਪ੍ਰਧਾਨ ਨਿਰਮਲ ਜੀਤ ਨੇ ਦੱਸਿਆ ਕਿ ਕੁਝ ਸਮਾਜ ਵਿਰੋਧੀ ਅਤੇ ਦੇਸ਼ ਵਿਰੋਧੀ ਤੱਤਾਂ ਵੱਲੋਂ ਸੋਚੀ ਸਮਝੀ ਸਾਜ਼ਿਸ਼ ਤਹਿਤ ਇਹ ਨਿੰਦਣਯੋਗ ਹਰਕਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨਾਲ ਕਰੋੜਾਂ ਲੋਕਾਂ ਦੀਆਂ ਧਾਰਮਿਕ ਅਤੇ ਸਮਾਜਿਕ ਭਾਵਨਾਵਾਂ ਨੂੰ ਗੰਭੀਰ ਠੇਸ ਪਹੁੰਚੀ ਹੈ, ਜੋ ਕਿ ਕਦੇ ਵੀ ਬਰਦਾਸ਼ਤਯੋਗ ਨਹੀਂ।ਉਨ੍ਹਾਂ ਹੋਰ ਕਿਹਾ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਦੇਸ਼ ਦੇ ਅਮਨ-ਚੈਨ ਨੂੰ ਭੰਗ ਕਰਨ ਦੀ ਕੋਸ਼ਿਸ਼ ਹਨ ਅਤੇ ਅੰਬੇਦਕਰਵਾਦੀ ਸਮਾਜ ਇਸ ਨੂੰ ਕਿਸੇ ਵੀ ਕੀਮਤ 'ਤੇ ਸਹਿਨ ਨਹੀਂ ਕਰੇਗਾ। ਮਹਾਂ ਸਭਾ ਨੇ ਮੁੱਖ ਮੰਤਰੀ ਤੋਂ ਤੁਰੰਤ ਦਖਲ ਦੀ ਮੰਗ ਕਰਦਿਆਂ ਦੋਸ਼ੀਆਂ ਦੀ ਜਲਦ ਗ੍ਰਿਫ਼ਤਾਰੀ ਯਕੀਨੀ ਬਣਾਉਣ ਲਈ ਕਿਹਾ ਹੈ। ਅਖੀਰ ਵਿੱਚ ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਨਾ ਹੋਈ ਤਾਂ ਮਹਾਂ ਸਭਾ ਵੱਲੋਂ ਤਿੱਖਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਨਗਰ ਕੌਂਸਲ ਮੀਟਿੰਗ 'ਚ ਹੰਗਾਮਾ: ਕੂੜਾ ਪ੍ਰਬੰਧਨ ਮਾਮਲੇ 'ਤੇ ਵਿਰੋਧੀ ਤੇ ਸੱਤਾ ਪੱਖ ਆਮਨੇ-ਸਾਮਨੇ

**ਮੋਰਿੰਡਾ, 3 ਅਪ੍ਰੈਲ (ਸੁਖਵਿੰਦਰ ਸਿੰਘ ਹੈਪੀ)**- ਕਰੀਬ ਚਾਰ ਮਹੀਨਿਆਂ ਬਾਅਦ ਹੋਈ ਨਗਰ ਕੌਂਸਲ ਮੋਰਿੰਡਾ ਦੀ ਮੀਟਿੰਗ ਉਸ ਸਮੇਂ ਹੰਗਾਮੇਦਾਰ ਬਣ ਗਈ ਜਦੋਂ ਸ਼ਹਿਰ ਦੇ ਵਿਕਾਸ ਕਾਰਜਾਂ ਨਾਲ ਸੰਬੰਧਿਤ ਕੋਈ ਢੰਗ ਦਾ ਏਜੰਡਾ ਪੇਸ਼ ਨਾ ਕੀਤਾ ਗਿਆ। ਮੀਟਿੰਗ ਦੀ ਅਗਵਾਈ ਪ੍ਰਧਾਨ ਜਗਦੇਵ ਸਿੰਘ ਭਟੋਆ ਨੇ ਕੀਤੀ।ਮੀਟਿੰਗ ਦੌਰਾਨ ਸ਼ਹਿਰ ਵਿੱਚ ਵੱਧ ਰਹੀ ਗੰਦਗੀ, ਕੂੜੇ ਦੇ ਢੇਰਾਂ ਅਤੇ ਪੱਕੀ ਡੰਪਿੰਗ ਸਾਈਟ ਦੀ ਕਮੀ ਮੁੱਖ ਚਰਚਾ ਦਾ ਵਿਸ਼ਾ ਬਣੇ ਰਹੇ। ਵਿਰੋਧੀ ਕੌਂਸਲਰਾਂ ਨੇ ਦੋਸ਼ ਲਗਾਇਆ ਕਿ ਕੌਂਸਲ ਵੱਲੋਂ ਕੂੜਾ ਸਥਾਨਕ ਤੌਰ 'ਤੇ ਨਿਪਟਾਉਣ ਦੀ ਬਜਾਏ ਲਾਲੜੂ ਅਤੇ ਜੀਰਕਪੁਰ ਵਰਗੀਆਂ ਥਾਵਾਂ 'ਤੇ ਟਿੱਪਰਾਂ ਰਾਹੀਂ ਸੁੱਟਿਆ ਜਾ ਰਿਹਾ ਹੈ, ਜਿਸ ਨਾਲ ਸਰਕਾਰੀ ਧਨ ਦੀ ਬਰਬਾਦੀ ਹੋ ਰਹੀ ਹੈ।ਵਿਰੋਧੀ ਧਿਰ ਨੇ ਸੱਤਾਧਾਰੀ ਪੱਖ ਨੂੰ ਸ਼ਹਿਰ ਦੀ ਸਫਾਈ ਵਿੱਚ ਨਾਕਾਮ ਕਰਾਰ ਦਿੱਤਾ, ਜਿਸ ਕਾਰਨ ਦੋਵਾਂ ਧਿਰਾਂ ਵਿਚਕਾਰ ਤਿੱਖੀ ਨੋਕਝੋਕ ਵੀ ਹੋਈ। ਹਾਲਾਂਕਿ ਬਾਅਦ ਵਿੱਚ ਕੁਝ ਮਸਲਿਆਂ 'ਤੇ ਸਹਿਮਤੀ ਬਣੀ ਅਤੇ ਕਈ ਮਤੇ ਸਰਬਸੰਮਤੀ ਅਤੇ ਬਹੁਮਤ ਨਾਲ ਪਾਸ ਕਰ ਦਿੱਤੇ ਗਏ। ਮੀਟਿੰਗ ਤੋਂ ਬਾਅਦ ਕਾਰਜ ਸਾਧਕ ਅਧਿਕਾਰੀ ਰਵੀ ਕੁਮਾਰ ਜਿੰਦਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਰਤਨਗੜ੍ਹ ਵਿੱਚ ਕੂੜਾ ਡੰਪ ਕਰਨ ਲਈ ਲਈ ਗਈ ਜ਼ਮੀਨ ਦੀ ਲੀਜ਼ ਅਪ੍ਰੈਲ 2025 ਵਿੱਚ ਖਤਮ ਹੋ ਗਈ ਸੀ ਅਤੇ ਮਾਲਕ ਵੱਲੋਂ ਇਸਨੂੰ ਅੱਗੇ ਨਹੀਂ ਵਧਾਇਆ ਗਿਆ। ਇਸ ਕਾਰਨ ਸ਼ਹਿਰ ਵਿੱਚ ਕੂੜਾ ਇਕੱਠਾ ਹੋਣਾ ਸ਼ੁਰੂ ਹੋ ਗਿਆ। ਉਨ੍ਹਾਂ ਦੱਸਿਆ ਕਿ ਬਾਅਦ ਵਿੱਚ ਪਿੰਡ ਭਟੇੜੀ ਵਿੱਚ 3.25 ਏਕੜ ਜ਼ਮੀਨ 5 ਸਾਲ ਲਈ 1 ਜੁਲਾਈ 2025 ਨੂੰ ਲੀਜ਼ 'ਤੇ ਲਈ ਗਈ, ਪਰ ਨੇੜਲੇ ਪਿੰਡਾਂ ਦੇ ਵਿਰੋਧ ਕਾਰਨ ਉੱਥੇ ਡੰਪਿੰਗ ਸ਼ੁਰੂ ਨਾ ਹੋ ਸਕੀ। ਇਸ ਦੇ ਚਲਦਿਆਂ



ਸ਼ਹਿਰ ਵਿੱਚ ਗੰਦਗੀ ਦੀ ਸਮੱਸਿਆ ਹੋਰ ਗੰਭੀਰ ਹੋ ਗਈ। ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਪ੍ਰਾਈਵੇਟ ਫਰਮ ਰਾਹੀਂ ਰੋਜ਼ਾਨਾ ਕੂੜਾ ਚੁਕਾਉਣ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ 15 ਵਾਰਡਾਂ ਵਿੱਚੋਂ ਰੋਜ਼ਾਨਾ ਲਗਭਗ 15 ਤੋਂ 20 ਟਨ ਕੂੜਾ ਨਿਕਲਦਾ ਹੈ ਅਤੇ ਡੰਪਿੰਗ ਸਾਈਟ ਨਾ ਹੋਣ ਕਾਰਨ ਦੋ ਮਹੀਨਿਆਂ ਤੋਂ ਵੱਧ ਪੁਰਾਣਾ ਕੂੜਾ ਇਕੱਠਾ ਪਿਆ ਹੈ। ਇਸਨੂੰ ਟਿੱਪਰਾਂ ਰਾਹੀਂ ਚੁਕ-ਾਉਣ ਲਈ ਖਰਚ ਨੂੰ ਮਨਜ਼ੂਰੀ ਦੇਣ ਵਾਲਾ ਮਤਾ ਵਿਰੋਧ ਦੇ ਬਾਵਜੂਦ ਬਹੁਮਤ ਨਾਲ ਪਾਸ ਕੀਤਾ ਗਿਆ। ਮੀਟਿੰਗ ਦੌਰਾਨ ਹੋਰ ਮਹੱਤਵਪੂਰਨ ਮਤੇ ਵੀ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਰਿਟਾਇਰ ਹੋ ਰਹੇ ਚੌਕੀਦਾਰ ਰਾਮ ਪਾਲ ਸ਼ਰਮਾ ਨੂੰ ਪੈਨਸ਼ਨ ਅਤੇ ਬਕਾਇਆ ਦੇਣਾ, ਜੋਗੀਆਂ ਵਾਲਾ ਮੁਹੱਲਾ ਦੇ ਖਰਾਬ ਟਿਊਬਵੈੱਲ ਨੂੰ ਰੈਸਟ ਹਾਊਸ ਵਿੱਚ ਸ਼ਿਫਟ ਕਰਨ ਲਈ 3.90 ਲੱਖ ਰੁਪਏ, ਸੀਵਰੇਜ ਟ੍ਰੀਟਮੈਂਟ ਪਲਾਂਟ ਲਈ 58.25 ਲੱਖ ਰੁਪਏ ਅਤੇ ਹੋਰ ਵਿਕਾਸ ਕਾਰਜਾਂ ਲਈ 1.97 ਕਰੋੜ ਰੁਪਏ ਮਨਜ਼ੂਰ ਕਰਨਾ ਸ਼ਾਮਲ ਹੈ। ਇਸ ਤੋਂ ਇਲਾਵਾ ਮ੍ਰਿਤਕ ਚੌਕੀਦਾਰ ਜੈਪਾਲ ਦੇ ਪਰਿਵਾਰ ਨੂੰ ਫੈਮਿਲੀ ਪੈਨਸ਼ਨ ਅਤੇ ਉਸਦੇ ਪੁੱਤਰ ਨੂੰ ਨੌਕਰੀ ਦੇਣ, ਕੌਂਸਲ ਦੇ ਵਾਹਨ ਟਾਟਾ ਏਸ ਦੀ ਮੁਰੰਮਤ ਲਈ 1.5 ਲੱਖ ਰੁਪਏ ਅਤੇ ਕਰਮਚਾਰੀਆਂ ਨੂੰ ਐਨਓਸੀ ਜਾਰੀ ਕਰਨ ਸਬੰਧੀ ਮਤੇ ਵੀ ਪਾਸ ਕੀਤੇ ਗਏ। ਵਿਰੋਧੀ ਕੌਂਸਲਰਾਂ ਰਾਕੇਸ਼ ਕੁਮਾਰ ਬੱਗਾ, ਅਮ੍ਰਿਤਪਾਲ ਸਿੰਘ ਖੱਟੜਾ, ਰਾਜੇਸ਼ ਕੁਮਾਰ ਸਿਸੋਦੀਆ, ਸੁਖਜਿੰਦਰ ਸਿੰਘ ਕਾਕਾ ਅਤੇ ਪਿੰਕੀ ਕੌਰ ਨੇ ਦੋਸ਼ ਲਗਾਇਆ ਕਿ ਕੌਂਸਲ ਕੋਲ 15 ਕੂੜਾ ਢੋਣ ਵਾਲੇ ਵਾਹਨ ਹਨ, ਪਰ ਸਿਰਫ 6 ਹੀ ਚਾਲੂ ਹਨ। ਉਨ੍ਹਾਂ ਬਿਨਾਂ ਕੋਟੇਸ਼ਨ ਮੰਗੇ ਮੁਰੰਮਤ 'ਤੇ 1.5 ਲੱਖ ਰੁਪਏ ਖਰਚ ਕਰਨ 'ਤੇ ਵੀ ਸਵਾਲ ਉਠਾਏ। ਉਨ੍ਹਾਂ ਇਹ ਵੀ ਕਿਹਾ ਕਿ ਪਹਿਲਾਂ ਮਨਜ਼ੂਰ ਕੀਤੇ 50 ਲੱਖ ਰੁਪਏ ਦੇ ਸੀਵਰੇਜ ਸਫਾਈ ਕੰਮ ਪੂਰੇ ਨਹੀਂ ਹੋਏ, ਜਦਕਿ ਹੁਣ ਦੁਬਾਰਾ 58 ਲੱਖ ਰੁਪਏ ਦੀ ਮਨਜ਼ੂਰੀ ਲਈ ਜਾ ਰਹੀ ਹੈ। ਇਸ 'ਤੇ ਉਨ੍ਹਾਂ ਨੇ ਤਿੱਖਾ ਵਿਰੋਧ ਦਰਜ ਕਰਵਾਇਆ। ਨਾਲ ਹੀ ਪਿੰਡ ਭਟੇੜੀ ਵਿੱਚ ਡੰਪਿੰਗ ਲਈ ਦਿੱਤੀ ਗਈ ਲੀਜ਼ ਦੀ 7 ਲੱਖ ਰੁਪਏ ਤੋਂ ਵੱਧ ਰਕਮ ਵਾਪਸ ਲੈਣ ਦੀ ਮੰਗ ਵੀ ਕੀਤੀ। ਇਸ ਸਬੰਧੀ ਕਾਰਜ ਸਾਧਕ ਅਧਿਕਾਰੀ ਨੇ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਸੀਵਰੇਜ ਡੀ-ਸਿਲਟਿੰਗ ਲਈ 25 ਲੱਖ ਰੁਪਏ ਜਮ੍ਹਾ ਕਰਵਾਏ ਗਏ ਸਨ, ਪਰ ਕੰਮ ਪੂਰਾ ਨਾ ਹੋਣ ਕਾਰਨ ਬਾਕੀ ਭੁਗਤਾਨ ਰੋਕ ਦਿੱਤਾ ਗਿਆ ਹੈ। ਮੀਟਿੰਗ ਵਿੱਚ ਪ੍ਰਧਾਨ ਜਗਦੇਵ ਸਿੰਘ ਭਟੋਆ ਤੋਂ ਇਲਾਵਾ ਕੌਂਸਲਰ ਰਾਜਪ੍ਰੀਤ ਸਿੰਘ ਰਾਜੀ, ਹਰਜੀਤ ਸਿੰਘ ਸੋਢੀ, ਵਾਈਸ ਪ੍ਰਧਾਨ ਗੁਰਪ੍ਰੀਤ ਕੌਰ, ਦਲਜੀਤ ਕੌਰ ਭਾਮੀਆ, ਕੁਸਮ ਰਾਣੀ, ਕਮਲੇਸ਼ ਕੁਮਾਰੀ, ਹਰਪਾਲ ਕੌਰ ਅਤੇ ਬਬੀਤਾ ਰਾਣੀ ਹਾਜ਼ਰ ਰਹੇ।

# ਹਰਿਆਣਾ ਕਮੇਟੀ ਦੇ ਇੱਕ ਉੱਚ ਪੱਧਰੀ ਵਫ਼ਦ ਨੇ ਕੁਰੂਕਸ਼ੇਤਰ ਦੇ ਪੁਲਿਸ ਸੁਪਰਡੈਂਟ ਨਾਲ ਮੁਲਾਕਾਤ ਕਰਕੇ ਮੀਰੀ-ਪੀਰੀ ਮੈਡੀਕਲ ਕਾਲਜ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** 2 ਅਪ੍ਰੈਲ ਨੂੰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਅਤੇ ਮੈਂਬਰਾਂ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਕੁਰੂਕਸ਼ੇਤਰ ਦੇ ਮੁੱਖ ਦਫ਼ਤਰ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਦਾ ਦੌਰਾ ਕੀਤਾ। ਇਸ ਤੋਂ ਬਾਅਦ, ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸ਼ਾਹਬਾਦ ਮਾਰਕੰਡਾ ਦੀ ਮੌਜੂਦਾ ਸਥਿਤੀ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣ ਲਈ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ।
ਇਹ ਦੱਸਿਆ ਗਿਆ ਕਿ ਬਾਦਲ ਪਰਿਵਾਰ ਨੇ ਇੱਕ ਟਰੱਸਟ ਬਣਾ ਲਿਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ਾ ਕਰ ਲਿਆ ਹੈ, ਜਿਸ ਨੂੰ ਕਾਨੂੰਨੀ ਤੌਰ 'ਤੇ ਹਰਿਆਣਾ ਕਮੇਟੀ ਦੇ ਪ੍ਰਬੰਧਨ ਅਧੀਨ ਲਿਆਂਦਾ ਜਾਵੇਗਾ।
20 ਮਾਰਚ ਨੂੰ, ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਪਹੁੰਚੇ ਹਰਿਆਣਾ ਕਮੇਟੀ ਦੇ ਅਧਿਕਾਰੀਆਂ 'ਤੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਮੈਂਬਰ ਬਲਦੇਵ ਸਿੰਘ ਕਿਆਮਪੁਰ ਦੇ ਇਸ਼ਾਰੇ 'ਤੇ ਬਾਦਲ ਸਮੂਹ ਅਤੇ ਸ਼੍ਰੋਮਣੀ ਕਮੇਟੀ ਦੇ ਸਮਰਥਕਾਂ ਨੇ ਹਮਲਾ ਕਰ




ਦਿੱਤਾ। ਦਸਤਾਰਾਂ ਸੁੱਟੀਆਂ ਗਈਆਂ ਅਤੇ ਮਾਹੌਲ ਖਰਾਬ ਹੋ ਗਿਆ। ਇਨ੍ਹਾਂ 20 ਦੋਸ਼ੀਆਂ ਵਿਰੁੱਧ 28 ਮਾਰਚ ਨੂੰ ਸ਼ਾਹਬਾਦ ਮਾਰਕੰਡਾ ਪੁਲਿਸ ਸਟੇਸ਼ਨ ਵਿਖੇ ਆਈਪੀਸੀ ਦੀ ਧਾਰਾ 299/351(3)/190/191(2)/115 ਤਹਿਤ ਮਾਮਲਾ ਨੰਬਰ 137 ਦਰਜ ਕੀਤਾ ਗਿਆ ਸੀ। ਹਰਿਆਣਾ ਕਮੇਟੀ ਦੇ ਇੱਕ ਵਫ਼ਦ ਨੇ ਕੁਰੂਕਸ਼ੇਤਰ ਦੇ ਪੁਲਿਸ ਸੁਪਰਡੈਂਟ ਸ਼੍ਰੀ ਚੰਦਰ ਮੋਹਨ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 7 ਤਾਰੀਖ਼ ਨੂੰ ਮੀਰੀ-ਪੀਰੀ ਹਸਪਤਾਲ ਦਾ ਦੌਰਾ ਕਰ ਰਹੇ ਹਨ। ਜੇਕਰ ਉਹ ਨਾਜਾਇਜ਼ ਕਬਜ਼ਾ ਖਾਲੀ ਕਰਵਾਉਂਦੇ ਹਨ ਅਤੇ ਪ੍ਰਬੰਧਨ ਦੀਆਂ ਚਾਬੀਆਂ ਹਰਿਆਣਾ ਕਮੇਟੀ ਨੂੰ ਸੌਂਪਦੇ ਹਨ, ਤਾਂ ਉਨ੍ਹਾਂ ਨੂੰ ਗੁਰਦੁਆਰਾ ਮੰਜੀ ਬਾਉਲੀ ਸਾਹਿਬ, ਅੰਬਾਲਾ ਵਿਖੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਜਾਵੇਗਾ। ਹਰਿਆਣਾ ਭਰ ਤੋਂ ਸੈਂਕੜੇ ਪਤਵੰਤੇ ਅੱਜ ਮੁੱਖ ਦਫ਼ਤਰ ਵਿੱਚ ਹਾਜ਼ਰ ਹੋਏ, ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਕਮੇਟੀ ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਸੌਂਪੇ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰੇ। ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਉਨ੍ਹਾਂ ਨੂੰ ਹਰਿਆਣਾ ਦੇ ਸਮਰਥਨ ਵਿੱਚ ਖੜ੍ਹੇ ਹੋਣ ਦੀ ਅਪੀਲ ਕੀਤੀ, ਨਹੀਂ ਤਾਂ ਸੰਗਤਾਂ ਇੱਕਜੁੱਟ ਹੋ ਕੇ ਉਨ੍ਹਾਂ ਨੂੰ ਹਰਿਆਣਾ ਦੇ ਸਮਰਥਨ ਵਿੱਚ ਖੜ੍ਹੇ ਹੋਣ ਲਈ ਪ੍ਰੇਰਿਤ ਕਰਨਗੀਆਂ।

# ਆਈ.ਜੇ.ਯੂ ਅਤੇ ਪੀ.ਸੀ.ਜੇ.ਯੂ ਦੇ ਆਗੂਆਂ ਵੱਲੋਂ ਅਣ-ਐਲਾਨੀ ਸੈਂਸਰਸ਼ਿਪ ਦੀ ਜ਼ੋਰਦਾਰ ਨਿੰਦਾ

## ਲੋਕਤੰਤਰ, ਮੀਡੀਆ ਦੀ ਆਜ਼ਾਦੀ ਅਤੇ ਲੋਕਾਂ ਦੇ ਜਾਣਨ ਦੇ ਅਧਿਕਾਰ 'ਤੇ ਹਮਲਾ ਨਾ-ਕਾਬਲੇ ਬਰਦਾਸ਼ਤ








**ਚੰਡੀਗੜ੍ਹ/ 3 ਅਪਰੈਲ (ਚਰਨਜੀਤ ਸੱਲ੍ਹਾਂ):-** ਇੰਡੀਅਨ ਜਰਨਲਿਸਟਸ ਯੂਨੀਅਨ (ਆਈ.ਜੇ.ਯੂ) ਅਤੇ ਪੰਜਾਬ ਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਨੇ ਪੱਤਰਕਾਰਾਂ, ਸੁਤੰਤਰ ਡਿਜੀਟਲ ਮੀਡੀਆ ਪਲੇਟਫ਼ਾਰਮਾਂ, ਵਿਅੰਗਕਾਰਾਂ ਅਤੇ ਸਰਕਾਰ ਦੀ ਆਲੋਚਨਾ ਕਰਨ ਵਾਲੇ ਤੱਥ ਖ਼ੋਜੀਆਂ ਵੱਲੋਂ ਸਾਂਝੀ ਕੀਤੀ ਸਮੱਗਰੀ ਨੂੰ ਹਟਾਉਣ ਅਤੇ ਪੇਜ ਬੰਦ ਕਰਨ ਲਈ ਜਾਰੀ ਕੀਤੇ ਹਾਲੀਆ ਫ਼ਰਮਾਨਾਂ ਉਪਰ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਇਸ ਨੂੰ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਇੱਕ ਅਣ-ਐਲਾਨੀ ਸੈਂਸਰਸ਼ਿਪ ਕਰਾਰ ਦਿੱਤਾ ਹੈ। ਆਈ.ਜੇ.ਯੂ ਦੇ ਕੌਮੀ ਪ੍ਰਧਾਨ ਬਲਵਿੰਦਰ ਜੰਮੂ, ਸਕੱਤਰ ਜਨਰਲ ਡੀ. ਸੋਮ ਸੁੰਦਰ ਪੰਜਾਬ ਅਤੇ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਸੂਬਾਈ ਚੇਅਰਮੈਨ ਬਲਬੀਰ ਸਿੰਘ ਜੰਡੂ, ਪ੍ਰਧਾਨ ਜੈ ਸਿੰਘ ਛਿੱਬਰ ਅਤੇ ਸਕੱਤਰ ਜਨਰਲ ਸੰਤੋਖ ਗਿੱਲ ਅਤੇ ਕੇਂਦਰੀ ਕਮੇਟੀ ਮੈਂਬਰ ਡਾ ਨਵਕਾਂਤ ਭਰੋਮਜਾਰਾ ਨੇ ਕਿਹਾ ਕਿ ਮੁਹੰਮਦ ਜ਼ੁਬੈਰ, ਮੋਲੀਟਿਕਸ, ਨੈਸ਼ਨਲ ਦਸਤਕ, 4ਪੀ.ਐੱਮ ਨਿਊਜ਼, ਸਟੈਂਡ-ਅੱਪ ਕਾਮੇਡੀਅਨ ਰਾਜੀਵ ਨਿਗਮ ਅਤੇ ਹੋਰਾਂ ਨਾਲ ਜੁੜੀ ਸਮਗਰੀ ਅਤੇ ਖਾਤਿਆਂ ਨੂੰ ਬੰਦ ਕਰਨਾ ਵਿਰੋਧ ਦੀਆਂ ਆਵਾਜ਼ਾਂ ਨੂੰ ਚੁੱਪ ਕਰਾਉਣ ਅਤੇ ਸੁਤੰਤਰ ਪੱਤਰਕਾਰੀ ਨੂੰ ਦਬਾਉਣ ਲਈ ਕਾਰਜਕਾਰੀ ਸ਼ਕਤੀਆਂ ਦੀ ਸਿੱਧੀ ਦੁਰਵਰਤੋਂ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀਆਂ ਅਜਿਹੀਆਂ ਕਾਰਵਾਈਆਂ ਡਿਜੀਟਲ ਸੈਂਸਰਸ਼ਿਪ ਤੋਂ ਇਲਾਵਾ ਕੁਝ ਵੀ ਨਹੀਂ ਹਨ ਅਤੇ ਧਾਰਾ 19(1)(ਏ) ਦੇ ਤਹਿਤ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਸੰਵਿਧਾਨਕ ਗਰੰਟੀ 'ਤੇ ਸਿੱਧਾ ਹਮਲਾ ਹੈ। ਆਗੂਆਂ ਨੇ ਕਿਹਾ ਕਿ ਕੇਂਦਰ ਵੱਲੋਂ ਗੁਪਤ ਪ੍ਰਕਿਰਿਆਵਾਂ ਅਤੇ ਲੁਕਵੇਂ ਕਾਨੂੰਨੀ ਪ੍ਰਬੰਧਾਂ ਦੇ ਸਹਾਰੇ ਅਸਹਿਮਤੀ ਵਾਲੀਆਂ ਆਵਾਜ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ "ਦੇਸ਼ ਚੁੱਪ ਨਹੀਂ ਰਹਿ ਸਕਦਾ" ਜਦੋਂ ਆਲੋਚਨਾਤਮਿਕ ਪੱਤਰਕਾਰੀ ਨੂੰ ਪਿਛਲੇ ਦਰਵਾਜ਼ੇ ਦੀ ਸੈਂਸਰਸ਼ਿਪ ਰਾਹੀ ਦਬਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਲੋਕਤੰਤਰ, ਮੀਡੀਆ ਦੀ ਆਜ਼ਾਦੀ ਅਤੇ ਲੋਕਾਂ ਦੇ ਜਾਣਨ ਦੇ ਅਧਿਕਾਰ 'ਤੇ ਇੱਕ ਖ਼ਤਰਨਾਕ ਅਤੇ ਨਾ-ਕਾਬਲੇ ਬਰਦਾਸ਼ਤ ਹਮਲਾ ਹੈ। ਆਗੂਆਂ ਨੇ ਅਜਿਹੇ ਸਾਰੇ ਆਦੇਸ਼ ਤੁਰੰਤ ਵਾਪਸ ਲੈਣ, ਅਜਿਹੀਆਂ ਕਾਰਵਾਈਆਂ ਦੇ ਆਧਾਰ ਦਾ ਪੂਰਾ ਖ਼ੁਲਾਸਾ ਕਰਨ ਦੀ ਮੰਗ ਕੀਤੀ ਹੈ ਅਤੇ ਪੱਤਰਕਾਰਾਂ ਅਤੇ ਸੁਤੰਤਰ ਮੀਡੀਆ ਪਲੇਟਫ਼ਾਰਮਾਂ ਨੂੰ ਡਰਾਉਣ-ਧਮਕਾਉਣ ਉਪਰ ਰੋਕ ਲਾਉਣ ਦੀ ਮੰਗ ਕੀਤੀ ਹੈ। ਇੰਡੀਅਨ ਜਰਨਲਿਸਟਸ ਯੂਨੀਅਨ ਨੇ ਮੁੜ ਦੁਹਰਾਇਆ ਕਿ ਉਹ ਸੈਂਸਰਸ਼ਿਪ ਦਾ ਸਾਹਮਣਾ ਕਰ ਰਹੇ ਸਾਰੇ ਪੱਤਰਕਾਰਾਂ ਅਤੇ ਮੀਡੀਆ ਸੰਗਠਨਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ ਅਤੇ ਪ੍ਰੈੱਸ ਨੂੰ ਦਬਾਉਣ ਦੀ ਹਰ ਕੋਸ਼ਿਸ਼ ਦਾ ਵਿਰੋਧ ਜਾਰੀ ਰਹੇਗਾ।

# ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਅੰਮ੍ਰਿਤਸਰ ਸਾਹਿਬ ਦੀ ਵਿਸ਼ੇਸ਼ ਮੀਟਿੰਗ ਹੋਈ

**ਅੰਮ੍ਰਿਤਸਰ ਸਾਹਿਬ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਅੰਮ੍ਰਿਤਸਰ ਦੀ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ 23 ਮਾਰਚ 2026 ਨੂੰ ਪੰਜਾਬ ਦੀ ਪੰਜਾਬ ਦੀ ਸਟੇਟ ਮੀਟਿੰਗ ਵਿੱਚ ਜੋ ਦਿਸ਼ਾ ਨਿਰਦੇਸ਼ ਬਹਿਣ ਕੁਮਾਰੀ ਮਾਇਆਵਤੀ ਜੀ ਰਾਸ਼ਟਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਸ੍ਰੀ ਆਕਾਸ਼ ਨੰਦ ਜੀ ਚੀਫ ਨੈਸ਼ਨਲ ਕੋਆਰਡੀਨੇਟਰ ਵੱਲੋਂ ਮਾਨਯੋਗ ਸ੍ਰੀ ਰਣਧੀਰ ਸਿੰਘ ਬੈਨੀਪਾਲ ਨੈਸ਼ਨਲ ਕੋਆਰਡੀਨੇਟਰ ਜੀ ਸ੍ਰੀ ਪ੍ਰਤਾਪ ਸਿੰਘ ਜੀ ਕੇਂਦਰੀ ਇਨਚਾਰਜ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਪੰਜਾਬ ਪ੍ਰਧਾਨ ਅਜੀਤ ਸਿੰਘ ਭੈਣੀ ਜੀ ਸਟੇਟ ਇਨਚਾਰਜ ਡਾਕਟਰ ਨਛੱਤਰਪਾਲ ਜੀ ਐਮਐਲਏ ਸਾਹਿਬ ਦੇ ਰਾਹੀਂ ਦਿਸ਼ਾ ਨਿਰਦੇਸ਼ ਦਿੱਤੇ ਗਏ ਮਿਸ਼ਨ 2027 ਸੱਤਾ ਪ੍ਰਾਪਤ ਕਰੋ ਨੂੰ ਕਾਮਯਾਬ ਕਰਨ ਲਈ ਲੋਕ ਸਭਾ ਦੀ ਮੀਟਿੰਗ ਵਿੱਚ ਨਵੇਂ ਢੰਗ ਨਾਲ ਸੰਗਠਨ ਬਣਾਉਣ ਦਾ ਸੰਦੇਸ਼ ਦਿੱਤਾ ਗਿਆ ਅਤੇ ਸੰਗਠਨ ਨੂੰ ਮਜਬੂਤ ਕਰਨ ਦੇ ਲਈ ਬੂਥ, ਸੈਕਟਰ ਤੱਕ ਕੰਮ ਕਰਨ ਦੀਆਂ ਸਾਰੇ ਹੀ ਨੇਤਾਵਾਂ ਨੂੰ ਡਿਊਟੀਆਂ ਦੀ ਵੰਡ ਕੀਤੀ ਗਈਲ ਇਸ ਮੀਟਿੰਗ ਵਿੱਚ




ਮੁੱਖ ਮਹਿਮਾਨ ਚੌਧਰੀ ਗੁਰਨਾਮ ਸਿੰਘ ਮੁੱਖ ਜੋਨ ਨੰਬਰ ਵਨ ਇੰਚਾਰਜ, ਵਿਸ਼ੇਸ਼ ਮਹਿਮਾਨ ਸ੍ਰੀ ਸੁਖਦੇਵ ਸਿੰਘ ਜੀਰਾ ਜੀ ਜੋਨ ਇਨਚਾਰਜ ਤਾਰਾ ਚੰਦ ਭਗਤ ਲੋਕ ਸਭਾ ਇੰਚਾਰਜ,ਸਰਦਾਰ ਸੁਰਜੀਤ ਸਿੰਘ ਭੈਲ ਲੋਕ ਸਭਾ ਇੰਚਾਰਜ, ਸ੍ਰੀ ਮੰਗਲ ਸਿੰਘ ਲੋਕ ਸਭਾ ਇੰਚਾਰਜ ਬਲਵੰਤ ਕਹਿਰਾ ਸੂਬਾ ਸਕੱਤਰ ਜਿਲਾ ਪ੍ਰਧਾਨ ਸਰਦਾਰ ਨੱਥਾ ਸਿੰਘ,ਗੁਰਬਖਸ਼ ਸਿੰਘ ਮਹੇ ਸਰਦਾਰ ਰਤਨ ਸਿੰਘ ਸ੍ਰੀ ਜਗਦੀਸ਼ ਦੁੱਗਲ ਅਤੇ ਸਾਰੇ ਜਿਲੇ ਅਤੇ ਵਿਧਾਨ ਸਭਾ ਦੀਆਂ ਟੀਮਾਂ ਹਾਜ਼ਰ ਹੋਈਆਂ ਅਤੇ ਸਾਰਿਆ ਨੂੰ ਕੰਮ ਦੀ ਵੰਡ ਕੀਤੀ ਗਈ ਅਤੇ ਦਸ ਦਿਨ ਦੇ ਵਿੱਚ ਕੰਮ ਕਰਨ ਦਾ ਟਾਰਗਟ ਦਿੱਤਾ ਗਿਆ। ਸਾਰੇ ਹੀ ਵਰਕਰ ਸਾਥੀਆਂ ਨੇ ਪੰਜਾਬ ਸਮਾਲੋ ਮੁਹਿੰਮ ਨੂੰ ਕਾਮਯਾਬ ਕਰਨ ਦਾ ਪ੍ਰਣ ਕੀਤਾ।

# ਖਾਲਸਾ ਸਾਜਨਾ ਦਿਵਸ ਮੌਕੇ ਬਸਪਾ ਵੱਲੋਂ ਪਿੰਡ ਖਵਾਸਪੁਰਾ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੱਕ ਵਿਸ਼ਾਲ ਮਾਰਚ 13 ਅਪ੍ਰੈਲ ਨੂੰ: ਡਾ. ਅਵਤਾਰ ਸਿੰਘ ਕਰੀਮਪੁਰੀ

## ਪੰਜਾਬ ਸਰਕਾਰ ਸਵਾ ਚਾਰ ਸਾਲਾਂ ਦਾ ਹਿਸਾਬ ਦੇਵੇ, ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਕਿਉਂ ਨਹੀਂ ਮਿਲੀ?

**ਚੰਡੀਗੜ੍ਹ/ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ):** ਬਹੁਜਨ ਸਮਾਜ ਪਾਰਟੀ ਵੱਲੋਂ 13 ਅਪ੍ਰੈਲ ਨੂੰ ਖਾਲਸਾ ਸਾਜਨਾ ਦਿਵਸ ਦੇ ਪਵਿੱਤਰ ਦਿਹਾੜੇ 'ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਅਸਥਾਨ ਪਿੰਡ ਸ੍ਰੀ ਖਵਾਸਪੁਰਾ ਤੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਤੱਕ ਇੱਕ ਵਿਸ਼ਾਲ ਰੋਸ ਮਾਰਚ ਕੱਢਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਸਪਾ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਪਾਰਟੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਪੰਜਾਬ ਦੇ ਹੁਕਮਰਾਨਾਂ ਤੋਂ ਪਿਛਲੇ ਸਵਾ ਚਾਰ ਸਾਲਾਂ ਦਾ ਹਿਸਾਬ ਮੰਗੇਗੀ।

**ਬੇਅਦਬੀ ਦੇ ਮੁੱਦੇ 'ਤੇ ਸਰਕਾਰ ਨੂੰ ਘੇਰਿਆ**

ਡਾ. ਕਰੀਮਪੁਰੀ ਨੇ ਤਿੱਖੇ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਇਹ ਜਵਾਬ ਦੇਵੇ ਕਿ ਸਵਾ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਅਜੇ ਤੱਕ ਸਖ਼ਤ ਸਜ਼ਾਵਾਂ ਕਿਉਂ ਨਹੀਂ ਦਿੱਤੀਆਂ ਗਈਆਂ? ਉਨ੍ਹਾਂ ਕਿਹਾ ਕਿ ਸਰਕਾਰ ਦੀ ਢਿੱਲੀ ਕਾਰਵਾਈ ਕਾਰਨ ਸਿੱਖ ਸੰਗਤ ਅਤੇ ਇਨਸਾਫ਼ ਪਸੰਦ ਲੋਕਾਂ ਵਿੱਚ ਭਾਰੀ ਰੋਸ ਹੈ।

'ਪੰਜਾਬ ਸੰਭਾਲੋ ਮੁਹਿੰਮ' ਦੇ ਅਹਿਮ ਮੁੱਦੇ ਪ੍ਰੈਸ ਨੋਟ ਰਾਹੀਂ ਡਾ. ਕਰੀਮਪੁਰੀ ਨੇ 'ਪੰਜਾਬ ਸੰਭਾਲੋ







ਮੁਹਿੰਮ' ਤਹਿਤ ਸੂਬੇ ਦੇ ਭਖਦੇ ਮਸਲਿਆਂ 'ਤੇ ਚਿੰਤਾ ਪ੍ਰਗਟਾਈ:

ਕਾਨੂੰਨ ਵਿਵਸਥਾ: ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ।

ਨਸ਼ਾਖੋਰੀ: ਨੌਜਵਾਨੀ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਹੈ, ਜਿਸ ਨੂੰ ਰੋਕਣ ਵਿੱਚ ਸਰਕਾਰ ਨਾਕਾਮ ਰਹੀ ਹੈ।

**ਦਲਿਤ ਅਤੇ ਪਛੜੇ ਵਰਗਾਂ ਦੇ ਹੱਕ:** ਪੰਜਾਬ ਵਿੱਚ ਦਲਿਤਾਂ 'ਤੇ ਹੋ ਰਹੇ ਅੱਤਿਆਚਾਰ ਅਤੇ ਰਾਖਵੇਂਕਰਨ ਦੇ ਮੁੱਦਿਆਂ 'ਤੇ ਸਰਕਾਰ ਦੀ ਚੁੱਪ ਚਿੰਤਾਜਨਕ ਹੈ।

ਆਰਥਿਕ ਮੰਦਹਾਲੀ: ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ।

**ਮੀਟਿੰਗ ਵਿੱਚ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ**

ਇਸ ਰਣਨੀਤੀ ਨੂੰ ਅੰਤਿਮ ਰੂਪ ਦੇਣ ਲਈ ਹੋਈ ਮੀਟਿੰਗ ਵਿੱਚ ਪਾਰਟੀ ਦੇ ਸਟੇਟ ਕੁਆਰਡੀਨੇਟਰ ਸ੍ਰੀ ਅਜੀਤ ਸਿੰਘ ਭੈਣੀ, ਜ਼ੋਨ ਕੁਆਰਡੀਨੇਟਰ ਤੇ ਵਿਧਾਇਕ ਨਵਾਂਸ਼ਹਿਰ ਡਾਕਟਰ ਨਛੱਤਰਪਾਲ, ਜ਼ੋਨ ਕੋਆਰਡੀਨੇਟਰ ਠੇਕੇਦਾਰ ਹਰਭਜਨ ਸਿੰਘ ਬਜਹੇੜੀ, ਲੋਕ ਸਭਾ ਇੰਚਾਰਜ ਪਰਵੀਨ ਬੰਗਾ, ਲੋਕ ਸਭਾ ਇੰਚਾਰਜ ਰਜਿੰਦਰ ਸਿੰਘ ਨਨਹੇੜੀਆਂ, ਸਟੇਟ ਸੈਕਟਰੀ ਸ੍ਰੀ ਦਿਲਬਾਗ ਚੰਦ ਬਲਾਚੌਰ, ਜ਼ਿਲ੍ਹਾ ਪ੍ਰਧਾਨ ਅਤੇ ਹੋਰ ਸੀਨੀਅਰ ਲੀਡਰਸ਼ਿਪ ਹਾਜ਼ਰ ਸੀ।

ਡਾ. ਕਰੀਮਪੁਰੀ ਨੇ ਸਮੂਹ ਪਾਰਟੀ ਵਰਕਰਾਂ ਅਤੇ ਪੰਜਾਬ ਹਿਤੈਸ਼ੀ ਲੋਕਾਂ ਨੂੰ ਅਪੀਲ ਕੀਤੀ ਕਿ 13 ਅਪ੍ਰੈਲ ਦੇ ਇਸ ਮਾਰਚ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਤਾਂ ਜੋ ਸੁੱਤੀ ਹੋਈ ਸਰਕਾਰ ਨੂੰ ਜਗਾਇਆ ਜਾ ਸਕੇ।

# ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ 'ਚ ਲਏ ਕ੍ਰਾਂਤੀਕਾਰੀ ਫੈਸਲੇ - ਡਾ. ਇਸ਼ਾਂਕ ਕੁਮਾਰ

## ਵਿਦਿਆਰਥੀਆਂ ਦੀ ਸਹੂਲਤ ਲਈ ਵਿਦਿਆਲੇ ਨੂੰ ਗੱਡੀ ਦੇਣ ਦਾ ਐਲਾਨ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਪੀ ਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ, ਫਲਾਹੀ ਵਿਖੇ ਸਾਲਾਨਾ ਸਮਾਗਮ ਦੌਰਾਨ ਵਿਦਿਆਰਥੀਆਂ ਨੂੰ ਸਿੱਖਿਆ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿਚ ਕ੍ਰਾਂਤੀਕਾਰੀ ਫੈਸਲੇ ਲੈ ਰਹੀ ਹੈ ਜਿਸ ਨਾਲ ਸੂਬੇ ਦੇ ਬੱਚਿਆਂ ਨੂੰ ਸਿੱਖਿਆ ਦਿਵਾ ਕੇ ਜ਼ਿੰਦਗੀ ਵਿਚ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਦੇ ਕਾਬਲ ਬਣਾਇਆ ਜਾ ਸਕੇ। ਪ੍ਰਿੰਸੀਪਲ ਰੰਜੂ ਦੂੱਗਲ, ਸਕੂਲ ਸਟਾਫ ਸਮੇਤ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਭਾਰਤ ਸਰਕਾਰ ਦੇ ਸਰਵੇਖਣ ਅਨੁਸਾਰ ਪੰਜਾਬ ਦੇ ਸਰਕਾਰੀ ਸਕੂਲ ਪੜ੍ਹਾਈ ਦੇ ਮਾਮਲੇ ਵਿਚ ਦੇਸ਼ ਵਿਚ ਪਹਿਲੇ ਸਥਾਨ 'ਤੇ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਅਤੇ ਸਿਹਤ ਪੰਜਾਬ ਸਰਕਾਰ ਦੇ ਤਰਜੀਹੀ ਖੇਤਰ ਹਨ ਜਿਨ੍ਹਾਂ ਵੱਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਵਿਸ਼ੇਸ਼ ਤਵੱਜੋਂ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਪੀ ਐਮ ਸ਼੍ਰੀ



ਜਵਾਹਰ ਨਵੋਦਿਆ ਵਿਦਿਆਲਿਆ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੰਦਿਆਂ ਵਿਦਿਆਰਥੀਆਂ ਨੂੰ ਮਨ-ਚਿਤ ਲਾ ਕੇ ਪੜ੍ਹਾਈ ਕਰਨ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਦਿਆਂ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਕਾਮਨਾ ਕੀਤੀ। ਇਸ ਦੌਰਾਨ ਪ੍ਰਿੰਸੀਪਲ ਰੰਜੂ ਦੁੱਗਲ ਨੇ ਮੁੱਖ ਮਹਿਮਾਨ ਅਤੇ ਮਾਪਿਆਂ ਦਾ ਸਵਾਗਤ ਕਰਦਿਆਂ ਸਲਾਨਾ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ ਜਿਸ ਵਿਚ ਵਿਦਿਆਰਥੀਆਂ ਦੀ ਪੜ੍ਹਾਈ, ਖੇਡਾਂ, ਐਨ.ਸੀ.ਸੀ, ਸਕਾਊਟ ਗਾਈਡਜ, ਸਹਿ ਸਿੱਖਿਆ ਗਤੀਵਿਧੀਆਂ, ਪੀ.ਐਮ.ਸ੍ਰੀ ਫੰਡ ਵਿੱਚ ਕਰਵਾਈਆਂ ਗਤੀਵਿਧੀਆਂ ਬਾਰੇ ਦੱਸਿਆ ਗਿਆ। ਵਿਦਿਆਲੇ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ 'ਤੇ ਖੁਸ਼ੀ ਜਾਹਿਰ ਕਰਦਿਆਂ ਖੁਦ ਐਮ.ਡੀ. ਡਿਗਰੀ ਲਈ ਪੜ੍ਹਾਈ ਕਰਦਿਆਂ ਐਮ.ਐਲ.ਏ ਦੀ ਚੋਣ ਜਿੱਤਣ ਅਤੇ ਫਿਰ ਪੜ੍ਹਾਈ ਪੂਰੀ ਕਰਕੇ ਆਪਣੀ ਕਾਮਯਾਬੀ ਬਾਰੇ ਵਿਦਿਆਰਥੀਆਂ ਨੂੰ ਜਦੋਂ ਦੱਸਿਆ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ। ਉਨ੍ਹਾਂ ਨੇ ਮਨਸੂਈ ਬੁੱਧੀ (ਏ ਆਈ) ਦੇ ਆਗਮਨ ਨਾਲ ਸਮਾਜ ਵਿਚ ਆਏ ਬਦਲਾਅ ਦੇ ਸਨਮੁੱਖ ਚੁਣੌਤੀਆਂ ਬਾਰੇ ਵਿਦਿਆਰਥੀਆਂ ਨੂੰ ਆਗਾਹ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਦੀ ਸਹੂਲਤ ਲਈ ਵਿਦਿਆਲੇ ਨੂੰ ਗੱਡੀ ਦੇਣ ਦਾ ਐਲਾਨ ਕਰਦਿਆਂ ਕਿਹਾ ਕਿ ਬੱਚਿਆਂ ਦੀ ਬਿਹਤਰੀ ਲਈ ਜੋ ਵੀ ਸਹਾਇਤਾ ਚਾਹੀਦੀ ਹੋਵੇ ਸਕੂਲ ਪ੍ਰਸ਼ਾਸਨ ਨੂੰ ਮੁਹੱਈਆ ਕੀਤੀ ਜਾਵੇਗੀ। ਵਿਦਿਆਲਿਆ ਵਲੋਂ ਡਾ. ਇਸ਼ਾਂਕ ਕੁਮਾਰ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਯਾਦ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਛੁੱਟੀਆਂ ਵਾਲੇ ਦਿਨ ਵੀ ਖੁੱਲ੍ਹੇ ਰਹਿਣਗੇ ਸੇਵਾ ਕੇਂਦਰ, ਲੋਕਾਂ ਨੂੰ ਮਿਲਣਗੀਆਂ ਨਿਰਵਿਘਨ ਸੇਵਾਵਾਂ - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਨਾਗਰਿਕਾਂ ਦੀ ਸਹੂਲਤ ਲਈ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ਬੁੱਧਵਾਰ, 8 ਅਪ੍ਰੈਲ (ਛੁੱਟੀ ਵਾਲੇ ਦਿਨ) ਨੂੰ ਆਮ ਵਾਂਗ ਖੁੱਲ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਲੋਕ ਇਸ ਦਿਨ ਆਪਣੇ ਜ਼ਰੂਰੀ ਕੰਮ ਕਰਵਾਉਣ ਲਈ ਆਸਾਨੀ ਨਾਲ ਸੇਵਾ ਕੇਂਦਰਾਂ 'ਤੇ ਜਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ੁੱਕਰਵਾਰ, 3 ਅਪ੍ਰੈਲ ਨੂੰ ਛੁੱਟੀ ਹੋਣ ਦੇ ਬਾਵਜੂਦ ਸੇਵਾ ਕੇਂਦਰ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਖੁੱਲ੍ਹੇ ਰਹੇ, ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕ ਆਕਰਸ਼ਿਤ ਹੋਏ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦਾ ਟੀਚਾ ਜਨਤਾ ਨੂੰ ਵੱਧ ਤੋਂ ਵੱਧ ਸਹੂਲਤ ਪ੍ਰਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਆਪਣੀਆਂ ਜ਼ਰੂਰਤਾਂ ਲਈ ਬੇਲੋੜੀ ਉਡੀਕ ਨਾ ਕਰਨੀ ਪਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ਹਰ ਸ਼ਨੀਵਾਰ ਨੂੰ ਨਿਯਮਿਤ ਤੌਰ 'ਤੇ ਖੁੱਲ੍ਹੇ ਰਹਿੰਦੇ ਹਨ ਅਤੇ ਐਤਵਾਰ ਨੂੰ ਵੀ ਚੁਣੇ ਹੋਏ ਸੇਵਾ ਕੇਂਦਰਾਂ 'ਤੇ ਸੇਵਾਵਾਂ ਜਾਰੀ ਰਹਿੰਦੀਆਂ ਹਨ। ਇਨ੍ਹਾਂ ਵਿੱਚ ਸੇਵਾ



ਕੇਂਦਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ, ਸੇਵਾ ਕੇਂਦਰ ਐਸ ਡੀ ਐਮ ਕੰਪਲੈਕਸ ਮੁਕੇਰੀਆਂ, ਸੇਵਾ ਕੇਂਦਰ ਐਸ ਡੀ ਐਮ ਕੰਪਲੈਕਸ ਗੜ੍ਹਸ਼ੰਕਰ, ਸੇਵਾ ਕੇਂਦਰ ਲੰਗਰਪੁਰ (ਦਸੂਹਾ) ਅਤੇ ਸੇਵਾ ਕੇਂਦਰ ਤਹਿਸੀਲ ਕੰਪਲੈਕਸ ਟਾਂਡਾ ਵਿਖੇ ਇੱਕ-ਇੱਕ ਕਾਊਂਟਰ ਸ਼ਾਮਲ ਹਨ, ਜੋ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿੰਦੇ ਹਨ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਛੁੱਟੀਆਂ ਵਾਲੇ ਦਿਨ ਵੀ ਆਪਣੇ ਮਹੱਤਵਪੂਰਨ ਕੰਮ ਸਮੇਂ ਸਿਰ ਪੂਰੇ ਕਰਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਾਗਰਿਕਾਂ ਨੂੰ ਆਸਾਨ, ਸੁਵਿਧਾਜਨਕ ਅਤੇ ਪਾਰਦਰਸ਼ੀ ਸੇਵਾਵਾਂ ਪ੍ਰਦਾਨ ਕਰਨ ਲਈ ਹਮੇਸ਼ਾ ਵਚਨਬੱਧ ਹੈ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕਵਾਲਾ 'ਚ ਇੰਟਰਐਕਟਿਵ ਪੈਨਲਾਂ ਦਾ ਉਦਘਾਟਨ

**ਲੰਬੀ (3ਅਪ੍ਰੈਲ 2026)** ਸਕੂਲ ਸਿੱਖਿਆ ਵਿਭਾਗ ਅਤੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਾਕੂਵਾਲਾ ਨੂੰ ਦੋ ਇੰਟਰਐਕਟਿਵ ਫ਼ਲੈਟ ਪੈਨਲ ਭੇਜੇ ਗਏ। ਜਿੰਨ੍ਹਾਂ ਦਾ ਉਦਘਾਟਨ ਪਿੰਡ ਦੇ ਸਰਪੰਚ ਸ. ਗੁਰਦੀਪ ਸਿੰਘ ਅਤੇ ਐਸ.ਐਮ.ਸੀ. ਕਮੇਟੀ ਚੇਅਰਮੈਨ ਸ. ਸੋਹਣ ਸਿੰਘ, ਸਮੂਹ ਸਮੂਹ ਐਸ.ਐਮ.ਸੀ. ਕਮੇਟੀ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਰੇਨੂ ਬਾਲਾ ਨੇ ਸਿੱਖਿਆ ਕ੍ਰਾਂਤੀ ਤਹਿਤ ਇਸ ਉਪਰਾਲੇ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ



ਕਿਹਾ ਕਿ ਇੰਟਰਐਕਟਿਵ ਫਲੈਟ ਪੈਨਲ ਆਧੁਨਿਕ ਸਿੱਖਿਆ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਚੁੱਕਾ ਹੈ। ਇਹ ਸਿੱਖਣ ਸਿਖਾਉਣ ਦੀ ਪ੍ਰਕਿਰਿਆ ਨੂੰ ਹੋਰ ਦਿਲਚ-ਸਪ, ਪ੍ਰਭਾਵਸ਼ਾਲੀ ਅਤੇ ਆਸਾਨ ਬਣਾਉਂਦਾ ਹੈ ਕਿਉਂਕਿ ਇਸ ਰਾਹੀਂ ਵੀਡੀਓ, ਐਨੀਮੇਸ਼ਨ ਅਤੇ ਚਿੱਤਰਾਂ ਦੀ ਮਦਦ ਨਾਲ ਪਾਠ ਪੜ੍ਹਾਏ ਜਾਂਦੇ ਹਨ, ਜਿਸ ਨਾਲ ਵਿਦਿਆਰਥੀਆਂ ਦੀ ਰੁੱਚੀ ਵੀ ਵਧਦੀ ਹੈ ਅਤੇ ਉਹ ਵਿਸ਼ੇ ਨੂੰ ਅਸਾਨੀ ਨਾਲ ਸਮਝ ਲੈਂਦੇ ਹਨ। ਇਸ ਮੌਕੇ ਸਕੂਲ ਮੁਖੀ ਵੱਲੋਂ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਸਕੂਲ ਦੇ ਇਸ ਸਾਲ ਨਾਨ-ਬੋਰਡ ਜਮਾਤਾਂ ਦੇ ਨਤੀਜੇ ਵਿੱਚੋਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸਕੂਲ਼ ਦਾ ਸਮੂਹ ਸਟਾਫ਼ ਮੌਜੂਦ ਸੀ।

# SSSB GROUP-D ਦੀ ਪ੍ਰੀਖਿਆ ਦੌਰਾਨ ਬਣਾਏ ਕੇਂਦਰਾਂ ਦੇ ਨੇੜੇ ਅਣ-ਅਧਿਕਾਰਤ ਵਿਅਕਤੀ ਦੇ ਦਾਖਲ ਤੇ ਪਾਬੰਦੀ - ਜ਼ਿਲ੍ਹਾ ਮੈਜਿਸਟਰੇਟ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਸ਼ਹੀਦ ਭਗਤ ਸਿੰਘ ਨਗਰ ਦੇ ਪੱਤਰ ਨੰਬਰ ਪ੍ਰੀਖਿਆਵਾਂ 110/2026 ਮਿਤੀ 30.03.2026 ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 (ਠਹਣ ਭਹਓਰਓਟਿਓ 'ਓਗਓਰਿਕ ਸ਼ੁਰਓਕਸਹਓ ਸ਼ਓਨਹਿਟਓ, 2023) ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਇੱਕ ਹੁਕਮ ਜਾਰੀ ਕੀਤੀ ਹੈ ਕਿ ਜ਼ਿਲ੍ਹੇ ਵਿੱਚ 5 ਅਪ੍ਰੈਲ 2026 (ਐਤਵਾਰ) ਨੂੰ ਹੋ ਰਹੀ ਸ਼ੁਬੋਰਦਿਨਓਟਏ ਸ਼ਏਰਵਿਚਏਸ ਸ਼ਏਲਏਚਟਿੋਨ ਭੋਓਰਦ, ਫੁਨਜਓਬ (ਸ਼ਸ਼ਸ਼ਭ ਘ੍ਰੌਫ-ਧ) ਦੀ ਪ੍ਰੀਖਿਆ ਦੌਰਾਨ ਬਣਾਏ 17 ਪਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ



ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ।

ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਕੁੱਲ 17 ਪ੍ਰੀਖਿਆ ਕੇਂਦਰ ਬਣਾਏ ਗਏ ਹਨ। ਇਹ ਪ੍ਰੀਖਿਆ ਕੇਂਦਰ ਸਕੂਲ ਚੰਡੀਗੜ੍ਹ ਰੋਡ ਨਵਾਂ ਸ਼ਹਿਰ ਬਲਾਕ -1 ਅਤੇ ਬਲਾਕ-2, ਸਕਾਲਰ ਪਬਲਿਕ ਸਕੂਲ ਜਾਡਲਾ, ਸਿਵਾਲਿਕ ਪਬਲਿਕ ਸਕੂਲ ਨੇੜੇ ਆਈਟੀਆਈ ਚੰਡੀਗੜ੍ਹ ਰੋਡ ਨਵਾਂਸ਼ਹਿਰ, ਡਾਕਟਰ ਆਸਾਨੰਦ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋਂ ਰੋਡ ਨਵਾਂਸ਼ਹਿਰ, ਕੈਮਬਰਿਜ ਇੰਟਰਨੈਸ਼ਨਲ ਸਕੂਲ ਕਰੀਹਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਰਾਹੋ, ਜੇ ਐਸ ਐਫ ਐਚ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਚੰਡੀਗੜ੍ਹ ਰੋਡ ਨਵਾਂਸ਼ਹਿਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੰਗੜੋਆ, ਦੁਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਰਾਹੋ ਰੋਡ ਨਵਾਂਸ਼ਹਿਰ, ਦੁਆਬਾ ਸਿੱਖ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਲੋਹ ਰੋਡ ਨਵਾਂਸ਼ਹਿਰ, ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਰਾਹੋ ਰੋਡ, ਆਰ ਐਮ ਬੀ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ ਮੂਸਾਪੁਰ ਰੋਡ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਾਡਲਾ, ਸੈਂਟ ਸੋਲਜਰ ਸੀਨੀਅਰ ਸੈਕੰਡਰੀ ਸਕੂਲ ਕਲਾਮ, ਆਰ ਕੇ ਆਰੀਆ ਕਾਲਜ ਰਾਹੋਂ ਰੋਡ ਨਵਾਂਸ਼ਹਿਰ, ਡਬਲਯੂ ਐਲ ਆਰੀਆ ਸੀਨੀਅਰ ਸੈਕੰਡਰੀ ਸਕੂਲ ਰਾਹੋ ਰੋਡ ਨਵਾਂਸ਼ਹਿਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਿਆਲਾ ਵਿੱਚ ਬਣਾਏ ਗਏ ਹਨ।

# ਕਣਕ ਖਰੀਦ ਸੀਜਨ ਨੂੰ ਲੈ ਕੇ ਮੰਡੀਆਂ 'ਚ ਸਾਰੇ ਪ੍ਰਬੰਧ ਪੂਰੇ - ਡਿਪਟੀ ਕਮਿਸ਼ਨ


**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋਂ ਕਣਕ ਖਰੀਦ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਮੰਡੀਆਂ ਵਿੱਚ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਆੜਤੀ ਐਸੋਸੀਏਸ਼ਨ ਅਤੇ ਮਜ਼ਦੂਰੀ ਤੇ ਢੁਆਈ ਠੇਕੇਦਾਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਲਈ ਸਾਰੇ ਲੋੜੀਂਦੇ ਪ੍ਰਬੰਧ ਪੂਰੇ ਕਰ ਲਏ ਗਏ ਹਨ। ਇਸ ਸਾਲ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਲਗਭਗ 3,04,880 ਮੀਟ੍ਰਿਕ ਟਨ ਕਣਕ ਦੀ ਸਰਕਾਰੀ ਖਰੀਦ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਕਿਸੇ ਵੀ ਮੰਡੀ ਵਿੱਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਖਰੀਦੀ ਗਈ ਕਣਕ ਦੀ ਸਮੇਂ ਸਿਰ ਅਦਾਇਗੀ ਯਕੀਨੀ ਬਣਾਈ




ਗਈ ਹੈ। ਇਸ ਦੇ ਨਾਲ ਹੀ ਕਣਕ ਦੀ ਲਿਫਟਿੰਗ ਅਤੇ ਸਟੋਰੇਜ ਲਈ ਵੀ ਪੂਰੇ ਪ੍ਰਬੰਧ ਕੀਤੇ ਗਏ ਹਨ। ਹਰ ਮੰਡੀ ਵਿੱਚ ਖਰੀਦ ਏਜੰਸੀਆਂ ਦੇ ਇੰਸਪੈਕਟਰ ਅਤੇ ਹੋਰ ਸਟਾਫ ਦੀ ਤਾਇਨਾਤੀ ਕੀਤੀ ਗਈ ਹੈ, ਤਾਂ ਜੋ ਖਰੀਦ ਪ੍ਰਕਿਰਿਆ ਸੁਚਾਰੂ ਅਤੇ ਬਿਨਾਂ ਕਿਸੇ ਰੁਕ-ਾਵਟ ਦੇ ਪੂਰੀ ਹੋ ਸਕੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ 65 ਮੰਡੀਆਂ ਵਿੱਚ ਕਣਕ ਦੀ ਖਰੀਦ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਵਾਰ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ 2585 ਰੁਪਏ ਨਿਰਧਾਰਤ ਕੀਤਾ ਗਿਆ ਹੈ। ਉਨ੍ਹਾਂ ਆੜ੍ਹਤੀਆਂ ਨੂੰ ਅਪੀਲ ਕੀਤੀ ਕਿ ਉਹ ਖਰੀਦ ਪ੍ਰਕਿਰਿਆ ਨੂੰ ਸਫਲ ਬਣਾਉਣ ਵਿੱਚ ਪੂਰਾ ਸਹਿਯੋਗ ਦੇਣ। ਇਸੇ ਤਰ੍ਹਾਂ ਮਜ਼ਦੂਰ ਅਤੇ ਢੁਆਈ ਠੇਕੇਦਾਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਸਮੇਂ ਸਿਰ ਲਿਫਟਿੰਗ ਯਕੀਨੀ ਬਣਾਉਣ ਲਈ ਪ੍ਰਚੁਰ ਮਜ਼ਦੂਰਾਂ ਅਤੇ ਆਵਾਜਾਈ ਦੇ ਸਾਧਨਾਂ ਦੀ ਉਪਲਬਧਤਾ ਬਣਾਈ ਰੱਖਣ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਪਨਗ੍ਰੇਨ, ਮਾਰਕਫੈਡ, ਵੇਅਰਹਾਊਸ, ਪਨਸਪ ਅਤੇ ਐਫ.ਸੀ.ਆਈ. ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਨ੍ਹਾਂ ਨੂੰ ਸੌਂਪੀਆਂ ਮੰਡੀਆਂ ਵਿੱਚ ਸਮੇਂ ਸਿਰ ਅਤੇ ਪਾਰਦਰਸ਼ੀ ਖਰੀਦ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਸਹੂਲਤ ਲਈ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਛਾਂ, ਪਖਾਨਿਆਂ ਸਮੇਤ ਹੋਰ ਬੁਨਿਆਦੀ ਸੁਵਿਧਾਵਾਂ ਦਾ ਵੀ ਉਚਿਤ ਪ੍ਰਬੰਧ ਕੀਤਾ ਗਿਆ ਹੈ।

# ਨਫ਼ਰਤ ਦੀ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਹੱਦਾਂ ਬੰਨ੍ਹੇ ਟਪਾ ਦਿੰਦੀ ਹੈ : ਮਾ. ਕੁਲਵਿੰਦਰ ਸਿੰਘ ਜੰਡਾ

**ਹੁਸ਼ਿਆਰਪੁਰ 3 ਅਪ੍ਰੈਲ ( ਤਰਸੇਮ ਦੀਵਾਨਾ )** ਇਸ ਵਕਤ ਅਮਰੀਕਾ, ਈਰਾਨ,ਇਰਾਕ, ਇਜਰਾਇਲ ਆਦਿ ਦੇਸ਼ਾ ਵਿੱਚ ਜੰਗ ਲੱਗੀ ਹੋਈ ਹੈ ਮਨੁੱਖ ਦੁਆਰਾ ਮਨੁੱਖ ਨੂੰ ਹਥਿਆਰਾਂ ਨਾਲ ਮਾਰਿਆ ਜਾ ਰਿਹਾ ਹੈ ਨਫ਼ਰਤ ਦੀ ਇਹ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਹੱਦਾਂ ਬੰਨ੍ਹੇ ਟਪਾ ਰਹੀ ਹੈ। ਪਰ ਇਸ ਸਭ ਕਾਸੇ ਦਾ ਸਿੱਟਾ ਸਿਰਫ ਤੇ ਸਿਰਫ ਸਿਫਰ ਹੈ ! ਇਹ ਵਿਚਾਰ ਸੱਭਿਆਚਾਰ ਸੰਭਾਲ ਸੁਸਾਇਟੀ ਦੇ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ਉਹਨਾਂ ਕਿਹਾ ਕਿ ਬੇਲੋੜਾ ਹਥਿਆਰਾਂ ਤੇ ਖ਼ਰਚਾ ਤੇ ਇਕ ਦੂਜੇ ਪ੍ਰਤੀ ਨਫ਼ਰਤ ਦੀ ਅੱਗ ਕੀ ਇਹੋ ਇਨਸਾਨੀਅਤ ਹੈ ਇਸ ਬਾਰੇ ਅੱਜ ਹਰ ਇਨਸਾਨ ਤੇ ਹਰ ਦੇਸ਼ ਦੀ ਅਗਵਾਹੀ ਕਰਨ ਵਾਲੇ ਆਗੂਆਂ ਨੂੰ ਸੋਚਣ ਦੀ ਲੋੜ ਹੈ। ਉਹਨਾਂ ਕਿਹਾ ਕਿ ਦਿਲਾ ਵਿੱਚ ਇਹੋ ਜਿਹੀ ਨਫ਼ਰਤ ਨੂੰ ਲੈ ਕੇ ਇਹੋ ਹਾਲ ਅੱਗੇ ਦੁਨੀਆ ਵਿੱਚ ਵੱਸਦੇ 8 ਅਰਬ ਤੋਂ ਉੱਪਰ ਸ਼ਾਹ ਲੈ ਰਹੇ ਮਨੁਖਾਂ ਦਾ ਕਿ ਹਾਲ ਹੋਵੇਗਾ । ਉਹਨਾਂ ਕਿਹਾ ਕਿ ਪ੍ਰਮਾਤਮਾ ਨੇ



ਇਨਸਾਨ ਨੂੰ ਧਰਤੀ ਉੱਤੇ ਮੋਹ ਮੁਹੱਬਤ ਤੇ ਪਿਆਰ ਵੰਡਣ ਲਈ ਭੇਜਿਆ ਹੈ। ਪਰ ਪੈਸੇ ਤੇ ਫੋਕੀ ਸ਼ੋਹਰਤ ਲਈ ਇਨਸਾਨ ਆਪਸ ਚ ਈਰਖਾ ਕਰਕੇ ਇਨਸਾਨੀਅਤ ਨੂੰ ਭੁੱਲ ਚੁੱਕਾ ਹੈ ਜਿਸਦੇ ਸਿੱਟੇ ਵਜੋਂ ਸੰਸਾਰ ਚ ਲੁੱਟ ਖੋਹ ਤੇ ਮਾਰ ਧਾੜ ਸਿਖਰਾਂ ਤੇ ਹੈ।ਉਹਨਾਂ ਕਿਹਾ ਕਿ ਲਾਲਚ ਵਿੱਚ ਇਨਸਾਨ ਆਪਸੀ ਸਕੇ ਰਿਸ਼ਤੇ ਨਾਤੇ ਵੀ ਗੁਆਂਉਦਾ ਨਜ਼ਰ ਆ ਰਿਹਾ ਹੈ ਜਦ ਕਿ ਇਹ ਇਕ ਕੌੜਾ ਸੱਚ ਹੈ ਕਿ ਇਨਸਾਨ ਦੇ ਨਾਲ ਕੁਝ ਨਹੀਂ ਜਾਣਾ ਤੇ ਉਸ ਨੇ ਖਾਲੀ ਹੱਥ ਜਾਣਾ ਹੈ ਫਿਰ ਵੀ ਇਨਸਾਨ ਪੈਸੇ ਦੀ ਦੌੜ ਚ ਪਾਗਲ ਹੋਇਆ ਫਿਰਦਾ ਹੈ ਤੇ ਖ਼ੁਦ ਨੂੰ ਟੈਨਸ਼ਨਾਂ ਚ ਪਾ ਹਰ ਪਲ ਉਲਝਿਆ ਰਹਿੰਦਾ ਹੈ। ਉਹਨਾ ਕਿਹਾ ਕਿ ਇਹ ਇਨਸਾਨੀਅਤ ਨਹੀਂ ਹੈ ਤੇ ਨਾ ਹੀ ਇਨਸਾਨੀਅਤ ਦਾ ਕੋਈ ਧਰਮ ਹੈ। ਉਹਨਾਂ ਕਿਹਾ ਇਨਸਾਨ ਨੂੰ ਪੈਸੇ ਦਾ ਲੋਭ ਲਾਲਚ ਛੱਡ ਕਿ ਇਨਸਾਨੀਅਤ ਦੀ ਸਾਦੀ ਜਿੰਦਗੀ ਜਿਊਣੀ ਚਾਹੀਦੀ ਹੈ ਤੇ ਹਰ ਮਨੁੱਖ ਦਾ ਭਲਾ ਕਰਨ ਦੀ ਕੋਸ਼ਿਸ਼ ਕਰਨ ਦੇ ਯਤਨ ਵਿੱਚ ਜੁੱਟਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਮਨੁੱਖ ਨੂੰ ਨਫ਼ਰਤ ਦੇ ਬੀਜ ਬੀਜਣ ਦੀ ਥਾਂ ਮੋਹ ਮੁਹੱਬਤ ਤੇ ਪਿਆਰ ਦੇ ਬੀਜ ਬੀਜਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਨਫ਼ਰਤ ਇਨਸਾਨ ਨੂੰ ਮੁਕਾਉਂਦੀ ਹੈ ਤੇ ਮੁਹੱਬਤ ਜਿੰਦਗੀ ਨੂੰ ਸੋਹਣਾ ਬਣਾਉਂਦੀ ਹੈ ! ਉਹਨਾ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ । ਹਰ ਮਸਲਾ ਗੱਲਬਾਤ ਨਾਲ ਨਜਿੱਠਿਆ ਜਾ ਸਕਦਾ ਹੈ। ਫੇਰ ਭਾਂਵੇ ਉਹ ਮਸਲਾ ਵੱਖ ਵੱਖ ਦੇਸ਼ ਚ ਛਿੜੀ ਜੰਗ ਦਾ ਹੋਏ ਜਾ ਕਿਸੇ ਘਰ ਦਾ ਮਸਲਾ ਹੋਵੇ।

# ਮੂਰਖ਼ ਬਣਾਉਂਣ ਦੇ ਬਹਾਨੇ



ਤੇਰੇ ਸੋਹਣੇ ਪਿੰਡ ਰੰਚਣਾਂ ਵਿੱਚ ,
ਮੇਰਾ ਵੀ ਆਉਂਣ ਨੂੰ ਜੀਅ ਕਰਦੈ ।
ਤਨ ਤੇ ਮਨ ਦੇ ਰੰਗਲੇ ਵਿਹੜੇ ਨੂੰ ,
ਪੂਰਾ ਮਹਿਕਾਉਂਣ ਨੂੰ ਜੀਅ ਕਰਦੈ ।
ਨਾਲੇ ਏਸ ਬਹਾਨੇ ਅਪਣੇ ਦਿਲ ਦੀ ,
ਕੋਈ ਗੱਲ ਵੀ ਤੈਨੂੰ ਕਹੀ ਜਾਊ ;
ਰੁਲਦੂ ਸਿੰਆਂ ਤੈਨੂੰ ਇੱਕ ਅਪ੍ਰੈਲ ਨੂੰ ,
ਮੂਰਖ਼ ਬਣਉਂਣ ਨੂੰ ਜੀਅ ਕਰਦੈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

# ਪੁਰਾਣਾਂ ਟੈਲੀਵਿਜ਼ਨ

ਰੰਗਹੀਨ ਇੱਕ ਟੀਵੀ ਸੀ
ਜੋ ਸਭ ਨੂੰ ਜੋੜ ਬਿਠਾਉਂਦਾ ਸੀ ,
ਸ਼ਕਤੀਮਾਨ ਰਮਾਇਣ ਤੋਂ ਲੈਕੇ
ਚੰਦਰਕਾਂਤਾ ਆਉਂਦਾ ਸੀ ,
ਹੇਠ ਚਟਾਈ ਵਿਛ ਜਾਂਦੀ
ਜਦ ਸਾਰੇ ਹੁੰਦੇ ਵਿਹਲੇ ਸੀ ,
ਟੀਵੀ ਵਿੱਚ ਲੜਾਈ ਵੇਖਕੇ
ਐਕਟਰ ਐਕਟਰ ਖੇਲੇ ਸੀ ,
ਜਿਸ ਦੇ ਘਰ ਸੀ ਟੀਵੀ ਹੁੰਦਾ
ਕੰਮ ਵੀ ਉਹੋ ਕਰਾਉਂਦੇ ਸੀ ,
ਟੀਵੀ ਵੇਖਣ ਖਾਤਰ ਸਾਥੋਂ
ਪਾਣੀ ਖੂਬ ਭਰਾਉਂਦੇ ਸੀ ,
ਅੱਜ ਆ ਬੇਸ਼ੱਕ ਵੱਡਾ ਟੀਵੀ
ਵਾਈਫਾਈ ਵੀ ਚੱਲਦਾ ਏ ,
ਹੁਣ ਤਾਂ ਕਮਰੇ ਸੁੰਨੇ ਹੋ ਗਏ
ਸੱਦਾ ਨਾ ਕੋਈ ਘੱਲਦਾ ਏ ,
ਕਦੇ ਨਾ ਮੁੜ ਕੇ ਦੌਰ ਉਹ ਆਉਂਣੇ
ਜਦ ਸੀ ਰੌਣਕ ਵਿਹੜੇ 'ਚ ,
ਕਿੱਥੋਂ ਉਹ ਦਿਨ ਮੋੜ ਲਿਆਈਏ
ਹਾਸੇ ਘਰ ਉਹ ਕਿਹੜੇ 'ਚ ,



**ਲਵਪ੍ਰੀਤ ਸਿੰਘ ਸੋਹਣੇਵਾਲਾ**
**ਸ਼੍ਰੀ ਮੁਕਤਸਰ ਸਾਹਿਬ**

# ਕਿੱਦਾਂ ਫੁੱਲ ਗੁਲਾਬ ਲਿਖਾਂ?

ਕੰਡੇ ਨਜ਼ਰੀਂ ਆਉਣ ਚੁਫੇਰੇ, ਕਿੱਦਾਂ ਫੁੱਲ ਗੁਲਾਬ ਲਿਖਾਂ?
ਚੋਬਰ ਨਸ਼ਿਆਂ ਦੇ ਵਿਚ ਡੁੱਬੇ,ਕਿੰਝ ਰੰਗਲਾ ਪੰਜਾਬ ਲਿਖਾਂ?

ਨਾ ਹੋਠਾਂ 'ਤੇ ਲਾਲੀ ਦਿਸਦੀ, ਨਾ ਹੀ ਚਿਹਰੇ 'ਤੇ ਰੌਣਕ,
ਨੀਰਸ ਅੱਖਾਂ ਵੇਖੀ ਦੱਸੋ , ਕਿੱਦਾਂ ਹੁਸਨ ਸ਼ਬਾਬ ਲਿਖਾਂ?

ਲੋਕੀਂ ਕਰਨ ਸਵਾਲ ਜਦੋਂ ਵੀ,ਹਾਸੇ ਵਿਚ ਗੱਲ ਪਾਉਂਦਾ ਉਹ,
ਦੱਸੋ ਉਦ੍ਹੀਆਂ ਮਸ਼ਕਰੀਆਂ ਨੂੰ, ਕਿੱਦਾਂ ਠੀਕ ਜਵਾਬ ਲਿਖਾਂ?

ਉੱਲੂ ਨਜ਼ਰੀਂ ਆਏ ਕਿਧਰੇ, ਕਿਧਰੇ ਕਾਂ ਹੀ ਕਾਂ ਨਜ਼ਰੀਂ
ਬਾਝ ਇਨ੍ਹਾਂ ਜਦ ਦਿਸਿਆ ਨਈਂ ਕੁਝ,ਕਿੱਦਾਂ ਫਿਰ ਸੁਰਖ਼ਾਬ ਲਿਖਾਂ?

ਜਦ ਉਹ ਲੇਖਾ- ਜੋਖਾ ਕਰਦੇ, ਸਾਡੀ ਲੁੱਟ ਵਧਾ ਦਿੰਦੇ,
ਦੱਸੋ ਫੇਰ ਉਨ੍ਹਾਂ ਜੋ ਕਰਿਆ, ਕਿੱਦਾਂ ਠੀਕ ਹਿਸਾਬ ਲਿਖਾਂ?

ਛੰਨਾਂ, ਢਾਰੇ ਜਦ ਵੀ ਕਿਧਰੇ, ਮੇਰੀ ਨਜ਼ਰੀਂ ਚੜ੍ਹ ਜਾਂਦੇ,
'ਜੌੜਾ' ਅਕਸਰ ਹੀ ਉਸ ਵੇਲੇ, ਟੁੱਟੇ ਹੋਏ ਖ਼ਾਬ ਲਿਖਾਂ।


ਇਕ ਚਿਹਰੇ ਦੇ ਪਿੱਛੇ ਸ਼ੌਰੇ, ਕਿੰਨੇ ਚਿਹਰੇ ਹੁੰਦੇ ਨੇ,
ਵੇਖਦਿਆਂ ਹੀ ਹਰ ਚਿਹਰੇ ਨੂੰ, ਕਿੱਦਾਂ ਖੁੱਲ੍ਹੀ ਕਿਤਾਬ ਲਿਖਾਂ?

**ਨਿਸ਼ਾਨ ਸਿੰਘ**
**ਪਿੰਡ ਤੇ ਡਾਕ: ਜੌੜਾ ਸਿੰਘਾ**
**ਜ਼ਿਲ੍ਹਾ:ਗੁਰਦਾਸਪੁਰ**
**ਫੋਨ:9646540249**



# ਵੇਖਣਾ

ਸਾਨੂੰ ਵਾਰ ਵਾਰ ਵੇਖਣਾ ਪਸੰਦ ਏ,
ਆਪਣੇ ਆਪ ਨੂੰ,
ਅਸੀਂ ਵੇਖਦੇ ਹਾਂ ਆਪਣੇ ਆਪ ਨੂੰ,
ਆਪਣੀਆਂ ਤਸਵੀਰਾਂ ਵਿੱਚ,
ਆਪਣੀਆਂ ਵੀਡੀਓਜ਼ ਵਿੱਚ,
ਤੇ ਅਕਸਰ ਸੀਸ਼ੇ ਵਿੱਚ,
ਪਰ ਭੁੱਲ ਜਾਂਦੇ ਹਾਂ,
ਖੁਦ ਨੂੰ ਅੰਦਰੋਂ ਕੁਝ ਇਸ ਤਰ੍ਹਾਂ ਵੇਖਣਾ,
ਧਿਆਨ ਦੇ ਝਰੋਖੇ ਚੋਂ,
ਮਨ ਦੀ ਮੈਲ ਨੂੰ ਤੱਕਣਾ,
ਬਾਹਰੀ ਤੌਰ ਤੇ ਅਸੀਂ ਇਨੇ ਰੁਝ ਗਏ ਹਾਂ,
ਤੇ ਸਾਨੂੰ ਅੰਦਰ ਦਾ ਖਿਆਲ ਭੁੱਲ ਗਿਆ,



**ਗੁਰਮੀਤ ਕੌਰ ਕਾਹਲੋਂ**
**ਸੰਗਰੂਰ**

# ਗੀਤ

ਭਾਵੇਂ ਰੰਗ ਦੀ ਕਾਲੀ ਏ ਉਹ
ਪਰ ਏ ਕੇ ਸੰਤਾਲੀ ਏ ਉਹ
ਚਾਰ ਘਰਾਂ ਦੇ ਪਿੰਡ ਆਪਣੇ ਨੂੰ
ਸਮਝੇ ਸ਼ਹਿਰ ਬਰੇਲੀ..
ਪੰਜ ਸੱਤ ਬੰਦੇ ਮਾਰ ਦਿੰਦੀ ਓ
ਅੱਖੀਆਂ ਦੇ ਨਾਲ ਡੇਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਲੀ....

ਕਦੇ ਜੀਨ ਤੇ, ਕਦੇ ਸ਼ਰਾਰਾ,
ਪਾ ਲੈਂਦੀ ਕਦੇ ਲਹਿੰਗਾ
ਹਰ ਗੱਭਰੂ ਨਾਂ ਜੱਪਦਾ ਉਹਦਾ
ਨੱਖਰਾ ਹੈ ਬੜਾ ਮਹਿੰਗਾ
ਜੁੱਤੀ ਤਿੱਲੇਦਾਰ ਪਾ ਜਾਂਦੀ,
ਸੱਪਣੀ ਵਾਂਗੂ ਮੇਹਲੀ..
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਅੱਖੀਆਂ ਦੇ ਨਾਲ ਡੇਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਲੀ....

ਵੇਖ ਕੇ ਉਹਦਾ ਫੈਸ਼ਨ ਸਾਰੇ
ਬੁੱਢੇ ਠੇਰੇ ਹੱਸਣ
ਲੱਕ ਮਟਕਾਵੇ ਤੁਰਦੀ ਏ ਜਦ
ਵੇਖ ਨਿਸ਼ਾਨੇ ਕੱਸਣ
ਗੁਰਮੀਤ ਡੁਮਾਣਿਆ ਵਾਲੇ ਦੇ
ਉਹ ਜਾਂਦੀ ਦਿਲ ਨਾਲ ਖੇਲ੍ਹੀ..
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਅੱਖੀਆਂ ਦੇ ਨਾਲ ਡੇਲੀ
ਪੰਜ ਸੱਤ ਬੰਦੇ ਮਾਰ ਦਿੰਦੀ ਉਹ
ਨੈਣਾਂ ਦੇ ਨਾਲ ਡੇਲੀ.....



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਜਨਮ-ਦਿਨ ਮੁਬਾਰਕ




**ਗੁਰਸੀਰਤ ਕੌਰ**

ਸਪੁੱਤਰੀ ਸੰਦੀਪ ਸਿੰਘ ਪਿੰਡ ਬਖੋਪੀਰ
ਡਾਕ/ਤਹਿ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ।

# ਬਾਬਾ ਸਾਹਿਬ ਜੀ ਦੇ ਬੁੱਤ ਤੋੜਨ ਵਾਲਿਆ ਖਿਲਾਫ਼ ਐਨ.ਐਸ.ਏ. ਲਗਾਕੇ ਜੇਲ੍ਹ ਵਿੱਚ ਬੰਦ ਕੀਤਾ ਜਾਵੇ : ਭੁਪਿੰਦਰ ਸਿੰਘ ਪਿੰਕੀ

**ਹੁਸ਼ਿਆਰਪੁਰ 3 ਅਪ੍ਰੈਲ (ਤਰਸੇਮ ਦੀਵਾਨਾ )** - ਤਹਿਸੀਲ ਗੜ੍ਹਸੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਭਾਰਤੀ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨਾਲ ਕੀਤੀ ਤੋੜ-ਫੋੜ ਦੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਉੱਘੇ ਸਮਾਜ ਸੇਵਕ ਭੁਪਿੰਦਰ ਸਿੰਘ ਪਿੰਕੀ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦੇ ਰਾਜ ਵਿੱਚ ਕਈ ਵਾਰ ਬਾਬਾ ਸਾਹਿਬ ਅੰਬੇਡਕਰ ਦੀ ਦੇ ਬੁੱਤ ਦਾ ਅਪਮਾਨ ਕੀਤਾ ਗਿਆ ਹੈ। ਇਸ ਤੋਂ ਸਾਫ ਹੈ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਇਸ ਸਰਕਾਰ ਦੇ ਵੱਸ ਦੀ ਗੱਲ ਨਹੀਂ ਰਹੀ। ਉਨ੍ਹਾਂ ਕਿਹਾ ਕਿ ਜੋ ਸਰਕਾਰ ਪ੍ਰਤਿਮਾਵਾਂ ਦੀ ਸੁਰੱਖਿਆ ਨਹੀਂ ਕਰ ਸਕਦੀ, ਉਸ ਤੋਂ ਆਮ ਜਨਤਾ ਆਪਣੀ ਸੁਰੱਖਿਆ ਦੀ ਉਮੀਦ ਕਿਵੇਂ ਕਰ ਸਕਦੀ ਹੈ। ਉਹਨਾਂ ਕਿਹਾ ਕਿ ਇਸ ਥਾਂ 'ਤੇ ਇਹ



ਤੋੜ-ਫੋੜ ਦੀ ਦੂਜੀ ਘਟਨਾ ਹੈ, ਜਿਸ ਦਾ ਕਾਰਨ ਇਹ ਹੈ ਕਿ ਪੰਜਾਬ ਸਰਕਾਰ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਨਹੀਂ ਕਰ ਰਹੀ, ਜਿਸ ਕਾਰਨ ਰਾਜ ਵਿੱਚ ਇਸ ਤਰ੍ਹਾਂ ਦੀਆ ਘਟਨਾਵਾਂ ਲਗਾਤਾਰ ਵੱਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਿਸ ਨੇ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਨਾ ਰੋਕਿਆ ਤਾਂ ਪੰਜਾਬ ਦੇ ਹਾਲਾਤ ਬਦ ਤੋਂ ਬਦਤਰ ਹੋ ਸਕਦੇ ਹਨ । ਉਹਨਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਬੈਠੇ ਗੁਰਪਤਵੰਤ ਸਿੰਘ ਪੰਨੂ ਅਤੇ ਉਸਦੇ ਇਸ਼ਾਰੇ 'ਤੇ ਕੰਮ ਕਰ ਰਹੀਆਂ ਵੰਡਵਾਦੀ ਤਾਕਤਾਂ ਤੋਂ ਸਾਵਧਾਨ ਰਹਿਣ ਤਾਂ ਜੋ ਪੰਜਾਬ ਦੀ ਅਮਨ-ਸ਼ਾਂਤੀ ਭੰਗ ਕਰਨ ਵਾਲੀ ਹਰ ਸਾਜ਼ਿਸ਼ ਨੂੰ ਨਾਕਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕੁਝ ਵਿਦੇਸ਼ੀ ਤਾਕਤਾਂ ਸੂਬੇ ਦੀ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਅੰਦਰ ਭਾਰਤੀ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ ਜੀ ਦੇ ਬੁੱਤਾ ਲਈ ਸੁਰੱਖਿਆ ਦੇ ਠੋਸ ਕਦਮ ਚੁੱਕੇ ਜਾਣ ਅਤੇ ਬਾਬਾ ਸਾਹਿਬ ਜੀ ਦੇ ਬੁੱਤ ਤੋੜਨ ਵਾਲਿਆ ਖਿਲਾਫ਼ ਐਨ.ਐਸ.ਏ. ਲਗਾ ਜੇਲ੍ਹ ਵਿੱਚ ਬੰਦ ਕੀਤਾ ਜਾਵੇ ਤਾਂ ਜੋ ਅੱਗੇ ਤੋਂ ਕੋਈ ਵੀ ਸ਼ਰਾਰਤੀ ਤੱਤ ਇਹੋ ਜਿਹੀ ਨਿਘੌਣੀ ਹਰਕਤ ਨਾ ਕਰ ਸਕੇ।

# ਸਰਕਾਰੀ ਕਰਮਚਾਰੀ ਵੱਲੋਂ ਸਰਕਾਰ ਵਿਰੋਧੀ ਪ੍ਰਚਾਰ ਬੇਹੱਦ ਨਿੰਦਣਯੋਗ : ਢੋਸੀਵਾਲ



**ਵਾਇਸ ਚਾਂਸਲਰ ਤੋਂ ਕਾਰਵਾਈ ਦੀ ਮੰਗ**

**ਫ਼ਰੀਦਕੋਟ ( ਸ਼ਿਵਨਾਥ )** ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਅਤੇ ਆਲ ਇੰਡੀਆ ਐਸ.ਸੀ./ਬੀ.ਸੀ./ਐਸ.ਟੀ. ਏਕਤਾ ਭਲਾਈ ਮੰਚ ਦੇ ਰਾਸ਼ਟਰੀ ਪ੍ਰਧਾਨ ਦਲਿਤ ਰਤਨ ਜਗਦੀਸ਼ ਰਾਏ ਢੋਸੀਵਾਲ ਨੇ ਇਕ ਸਰਕਾਰੀ ਕਰਮਚਾਰੀ ਵੱਲੋਂ ਸਰਕਾਰ ਵਿਰੁੱਧ ਕੂੜ ਪ੍ਰਚਾਰ ਕੀਤੇ ਜਾਣ ਨੂੰ ਬੇਹੱਦ ਨਿੰਦਣਯੋਗ ਕਰਾਰ ਦਿੱਤਾ ਹੈ। ਇਸ ਸਬੰਧੀ ਅੱਜ ਇਥੇ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਸਥਾਨਕ ਯੂਕੋਨ ਦੀ ਐਸੋਸੀਏਟ ਪ੍ਰੋਫੈਸਰ ਮਨਦੀਪ ਕੌਰ ਦੇ ਪਤੀ ਪੰਜਾਬ ਰਾਜ ਬਿਜਲੀ ਬੋਰਡ ਵਿਚ ਤਾਇਨਾਤ ਸਰਕਾਰੀ ਕਰਮਚਾਰੀ ਜਸਵੰਤ ਸਿੰਘ ਨੇ ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾਈ ਸੀ। ਇਸ ਪੋਸਟ ਵਿਚ ਸਰਕਾਰੀ ਕਰਮਚਾਰੀ ਜਸਵੰਤ ਸਿੰਘ ਨੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਅੰਤਰ ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਯੂਰੋਲੋਜਿਸਟ ਡਾ. ਰਾਜੀਵ ਸੂਦ, ਨੇਕ ਦਿਲ ਇਨਸਾਨ ਵਜੋਂ ਜਾਣੇ ਜਾਂਦੇ ਸਪੀਕਰ ਅਤੇ ਹਰਮਨ ਪਿਆਰੇ ਹਲਕਾ ਵਿਧਾਇਕ ਉਪਰ ਕੁਰੱਪਸ਼ਨ ਵਿਚ ਸ਼ਾਮਲ ਹੋਣ ਦੇ ਕਥਿਤ ਦੋਸ਼ ਲਗਾਏ ਸਨ। ਪ੍ਰਧਾਨ ਢੋਸੀਵਾਲ ਨੇ ਉਕਤ ਸਰਕਾਰੀ ਕਰਮਚਾਰੀ ਵੱਲੋਂ ਉਪਰੋਕਤ ਝੂਠੇ ਦੋਸ਼ ਲਗਾ ਕੇ ਯੂਨੀਵਰਸਿਟੀ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਘਟੀਆ ਸਾਜਿਸ਼ ਕਰਾਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਾਇਸ ਚਾਂਸਲਰ ਡਾ: ਰਾਜੀਵ ਸੂਦ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਯੂਨੀਵਰਸਿਟੀ ਅੰਦਰ ਇਤਿਹਾਸਕ ਪ੍ਰਸ਼ਾਸ਼ਨਿਕ ਅਤੇ ਪ੍ਰਬੰਧਕੀ ਸੁਧਾਰ ਕਰਨੇ ਸ਼ੁਰੂ ਕੀਤੇ ਹੋਏ ਹਨ। ਯੂਨੀਵਰਸਿਟੀ ਅਧੀਨ ਚੱਲ ਰਹੇ ਗੁਰੂ ਗੋਬਿੰਦ ਸਿੰਘ ਮੈਡਕੀਲ ਕਾਲਿਜ ਅਤੇ ਹਸਪਤਾਲ ਵਿਚ ਨਵੀਆਂ ਇਮਾਰਤਾਂ ਦੀ ਉਸਾਰੀ ਕਰਵਾਈ ਹੈ, ਜੀਵਨ ਰੱਖਿਅਕ ਮਸ਼ੀਨਾਂ ਦੀ ਖਰੀਦ ਕੀਤੀ ਹੈ, ਡਾਕਟਰਾਂ ਅਤੇ ਹੋਰਨਾਂ ਕਰਮਚਾਰੀਆਂ ਦੀਆਂ ਨਿਯੁਕਤੀਆਂ ਅਤੇ ਪ੍ਰਮੋਸ਼ਨਾਂ ਕੀਤੀਆਂ ਹਨ। ਡਾ. ਰਾਜੀਵ ਸੂਦ ਦੀ ਦੂਰ ਅੰਦੇਸ਼ੀ ਅਤੇ ਪ੍ਰਬੰਧਕੀ ਕਾਰਜਕੁਸ਼ਲਤਾ ਸਦਕਾ ਬਾਬਾ ਫਰੀਦ ਯੂਨੀਵਰਸਿਟੀ ਦੇਸ਼ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਬਣ ਚੁੱਕੀ ਹੈ। ਅੰਤਰਰਾਸ਼ਟਰੀ ਪੱਧਰ 'ਤੇ ਗਰੀਨ ਯੂਨੀਵਰਸਿਟੀ ਦਾ ਮਾਣਮੱਤਾ ਰੁਤਬਾ ਮਿਲ ਚੁੱਕਿਆ ਹੈ। ਢੋਸੀਵਾਲ ਨੇ ਅੱਗੇ ਕਿਹਾ ਹੈ ਕਿ ਕੁਝ ਵਿਅਕਤੀਆਂ ਵੱਲੋਂ ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਸਾਜਿਸ਼ੀ ਢੰਗ ਨਾਲ ਯੂਨੀਵਰਸਿਟੀ ਅਤੇ ਸਰਕਾਰ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਢੋਸੀਵਾਲ ਨੇ ਇਸ ਗੱਲ 'ਤੇ ਬੇਹੱਦ ਹੈਰਾਨੀ ਅਤੇ ਦੁੱਖ ਪ੍ਰਗਟ ਕੀਤਾ ਹੈ ਕਿ ਆਪਣੀ ਪਤਨੀ ਮਨਦੀਪ ਕੌਰ ਨਾਲ ਯੂਨੀਵਰਸਿਟੀ ਦੀ ਸਰਕਾਰੀ ਰਿਹਾਇਸ਼ ਵਿੱਚ ਰਹਿ ਰਹੇ ਉਕਤ ਜਸਵੰਤ ਸਿੰਘ 'ਵਰਸਿਟੀ ਅਤੇ ਸਰਕਾਰ ਵਿਰੁੱਧ ਕੂੜ ਪ੍ਰਚਾਰ ਕਰਕੇ ''ਜਿਸ ਥਾਲੀ ਵਿਚ ਖਾਣਾ, ਉਸੇ ਵਿਚ ਛੇਕ ਕਰਨਾ'' ਵਾਲੀ ਕਹਾਵਤ ਸਿੱਧ ਕਰ ਦਿਤੀ ਹੈ। ਨੌਕਰੀ ਸਰਕਾਰੀ, ਰਿਹਾਇਸ਼ ਸਰਕਾਰੀ ਪਰ ਬੋਲੀ ਸਰਕਾਰ ਵਿਰੋਧੀ ਕਿਸੇ ਵੀ ਹਾਲਤ ਵਿੱਚ ਠੀਕ ਨਹੀਂ ਜਾਪਦੀ। ਪ੍ਰਧਾਨ ਢੋਸੀਵਾਲ ਵੱਲੋਂ ਕੱਲ੍ਹ ਵਾਇਸ ਚਾਂਸਲਰ ਡਾ. ਰਾਜੀਵ ਸੂਦ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ ਗਈ। ਇਸ ਸਮੇਂ ਢੋਸੀਵਾਲ ਨੇ ਸਰਕਾਰੀ ਕਰਮਚਾਰੀ ਜਸਵੰਤ ਸਿੰਘ ਵੱਲੋਂ ਯੂਨੀਵਰਸਿਟੀ ਅਤੇ ਸਰਕਾਰ ਵਿਰੁੱਧ ਸੋਸ਼ਲ ਮੀਡੀਆ 'ਤੇ ਕੀਤੇ ਜਾ ਰਹੇ ਕੂੜ ਪ੍ਰਚਾਰ ਬਾਰੇ ਉਸ ਵਿਰੁੱਧ ਕਾਰਵਾਈ ਕਰਨ ਸਬੰਧੀ ਸ਼ਿਕਾਇਤ ਪੱਤਰ ਵੀ ਦਿੱਤਾ। ਪੱਤਰ ਦੇ ਨਾਲ ਜਸਵੰਤ ਸਿੰਘ ਵੱਲੋਂ ਪਾਈ ਪੋਸਟ ਦੀ ਸਕਰੀਨ ਸ਼ਾਟ ਕਾਪੀ ਵੀ ਦਿੱਤੀ ਗਈ। ਮੁਲਾਕਾਤ ਦੌਰਾਨ ਵਾਇਸ ਚਾਂਸਲਰ ਨੇ ਕਿਹਾ ਕਿ ਇਸ ਪੱਤਰ ਉਪਰ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਜੀ ਦੇ ਬੁੱਤ ਦੀ ਹੋਈ ਬੇਅਦਬੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਚਿਹਰਿਆ ਨੂੰ ਨੰਗਾ ਕਰਦੀ ਹੈ : ਬੇਗਮਪੁਰਾ ਟਾਈਗਰ ਫੋਰਸ

**ਬਾਬਾ ਸਾਹਿਬ ਭੀਮ ਰਾਉ ਅੰਬੇਡਕਰ ਜੀ ਸਾਡੀ ਆਨ, ਬਾਨ ਅਤੇ ਸ਼ਾਨ ਹਨ : ਹੈਪੀ,ਬੰਟੀ,ਗੁਰਦੀਪ**



**ਹੁਸ਼ਿਆਰਪੁਰ 3 ਅਪ੍ਰੈਲ (ਤਰਸੇਮ ਦੀਵਾਨਾ )** - ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮ ਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੀ ਇੱਕ ਹੰਗਾਮੀ ਮੀਟਿੰਗ ਫੋਰਸ ਦੇ ਮੁੱਖ ਦਫਤਰ ਭਗਤ ਨਗਰ ਨੇੜੇ ਮਾਡਲ ਟਾਉਨ ਹੁਸ਼ਿਆਰਪੁਰ ਵਿਖੇ ਹੋਈ ! ਮੀਟਿੰਗ ਵਿੱਚ ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ ਚੁਰਾਸੀ ਅਤੇ ਗੁਰਦੀਪ ਸਿੰਘ ਬਲਾਕ ਪ੍ਰਧਾਨ ਮੇਹਟੀਆਣਾ ਨੇ ਵਿਸ਼ੇਸ਼ ਤੌਰ ਤੇ ਸਿਰਕਤ ਕੀਤੀ ! ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਸੰਵਿਧਾਨ ਨਿਰਮਾਤਾ ਡਾਕਟਰ ਬੀ.ਆਰ. ਅੰਬੇਡਕਰ ਜੀ ਦੇ ਬੁੱਤ ਦੀ ਹੋਈ ਬੇਅਦਬੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਚਿਹਰੇ ਨੂੰ ਨੰਗਾ ਕਰਦੀ ਹੈ ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਅਖੌਤੀ ਅੱਤਵਾਦੀ ਅਤੇ ਏਜੰਸੀਆਂ ਦੇ ਏਜੰਟ ਗੁਰਪਤਵੰਤ ਸਿੰਘ ਪੰਨੂੰ ਅਤੇ ਉਸਦੀ ਸਹਿ ਤੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਬੁੱਤ ਦਾ ਨਿਰਾਦਰ ਕਰਨ ਵਾਲਿਆ ਦੇ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਜੇਲ੍ਹ ਵਿੱਚ ਸੁੱਟਿਆ ਜਾਵੇ

ਫੋਰਸ ਦੇ ਆਗੂਆਂ ਨੇ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਜਲਦੀ ਤੋਂ ਜਲਦੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ ਤਾਂ ਬੇਗਮਪੁਰਾ ਟਾਈਗਰ ਫੋਰਸ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਇੱਕ ਤਿੱਖੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰੇਗੀ

ਉਹਨਾਂ ਕਿਹਾ ਕਿ ਸਰਕਾਰਾਂ ਦੀ ਮਿਲੀਭੁਗਤ ਨਾਲ ਪੰਜਾਬ ਅੰਦਰ ਕਈ ਵਾਰ ਬਾਬਾ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਹੋ ਚੁੱਕੀ ਹੈ, ਪਰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਵੀ ਪੰਜਾਬ ਦੀ ਆਪ ਸਰਕਾਰ ਅਤੇ ਕੇਂਦਰ ਦੀ ਮੋਦੀ ਸਰਕਾਰ ਨੇ ਸੁਰੱਖਿਆ ਦੇ ਕੋਈ ਪੁਖ਼ਤਾ ਇੰਤਜ਼ਾਮ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਹ ਚੁੱਪ ਸਾਬਤ ਕਰਦੀ ਹੈ ਕਿ ਦੋਵੇਂ ਸਰਕਾਰਾਂ ਦੀ ਮਾਨਸਿਕਤਾ ਅੰਬੇਡਕਰ ਵਿਰੋਧੀ ਹੈ ਅਤੇ ਪੰਜਾਬ ਪੁਲਿਸ ਸੁਰੱਖਿਆ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।ਉਹਨਾਂ ਕਿਹਾ ਕਿ ਪੰਜਾਬ ਦੀ ਕਾਨੂੰਨ ਵਿਵਸਥਾ ਬਿਲਕੁਲ ਫੇਲ੍ਹ ਹੋ ਚੁੱਕੀ ਹੈ। ਉਨ੍ਹਾ ਨੇ ਪੰਜਾਬ ਵਿੱਚ ਐਸਸੀ ਸਮਾਜ ਅਤੇ ਪਛੜੇ ਵਰਗਾਂ ਦੇ ਰਹਿਬਰਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਹਨਾਂ ਕਿਹਾ ਕਿ ਪੰਜਾਬ ਅੰਦਰ ਵਾਰ-ਵਾਰ ਬਾਬਾ ਸਾਹਿਬ ਜੀ ਦੇ ਬੁੱਤਾਂ ਦੀ ਬੇਅਦਬੀ ਹੋਣਾ ਕਿਸੇ ਡੂੰਘੀ ਤੇ ਸਿਆਸੀ ਸਾਜ਼ਿਸ਼ ਦਾ ਹਿੱਸਾ ਹੈ ਤਾਂ ਜੋ ਸਮਾਜਿਕ ਭਾਈਚਾਰੇ ਨੂੰ ਭੰਗ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਬਾਬਾ ਸਾਹਿਬ ਜੀ ਸਾਡੀ ਆਨ, ਬਾਨ ਅਤੇ ਸ਼ਾਨ ਹਨ। ਅੰਤ ਵਿੱਚ ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਵਿੱਚੋਂ ਪਿਛਲੇ ਕਾਫੀ ਸਮੇਂ ਤੋਂ ਕੱਢੇ ਹੋਏ ਕੁਝ ਸ਼ਰਾਰਤੀ ਅਨਸਰ ਅਜੇ ਵੀ ਬੇਗਮਪੁਰਾ ਟਾਈਗਰ ਫੋਰਸ ਦਾ ਨਾਮ ਅਣਅਧਿਕਾਰਤ ਤੌਰ ਤੇ ਵਰਤ ਰਹੇ ਹਨ ਉਹਨਾਂ ਸ਼ਾਸਨ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਹਨਾਂ ਸ਼ਰਾਰਤੀ ਅਨਸਰਾਂ ਤੇ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ ! ਇਸ ਮੌਕੇ ਹੋਰਨਾਂ ਤੋ ਇਲਾਵਾ ਕੁਲਵੰਤ ਸਿੰਘ ਉੱਪ ਪ੍ਰਧਾਨ, ਨਿੱਕਾ ਅਹਿਰਾਣਾ ਜੱਟਾਂ ਆਦਿ ਹਾਜ਼ਰ ਸਨ !

# 19 ਅਪ੍ਰੈਲ ਨੂੰ ਗਜਟਿਡ ਐਂਡ ਨਾਨ ਗਜਟਿਡ ਐਸ ਸੀ, ਬੀ ਸੀ ਇਮਪਲੋਈਜ ਵੈਲਫੇਅਰ ਫੈਡਰੇਸ਼ਨ ਦੇ ਸਥਾਪਨਾ ਦਿਵਸ ਵਿੱਚ ਬਲਾਚੌਰ ਤੋਂ ਵੱਡੀ ਗਿਣਤੀ ਵਿੱਚ ਸਾਥੀ ਸ਼ਾਮਿਲ ਹੋਣਗੇ ਹਰੀ ਸਿੰਘ ਰੱਕੜ ਅਤੇ ਬਲਵੰਤ ਸਿੰਘ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਵਿਖੇ 19 ਅਪ੍ਰੈਲ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਕਰਵਾਏ ਜਾ ਰਹੇ ਜਥੇਬੰਦੀ ਦੇ 31ਵੇਂ ਸਥਾਪਨਾ ਦਿਨ ਸਬੰਧੀ ਸਮਾਗਮ ਵਾਸਤੇ ਮੀਟਿੰਗ ਕੀਤੀ ਗਈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਸਟੇਟ ਚੇਅਰਮੈਨ ਸਰਦਾਰ ਜਸਵੀਰ ਸਿੰਘ ਪਾਲ ਉਪ ਚੇਅਰਮੈਨ ਸ੍ਰੀ ਬਲਰਾਜ ਕੁਮਾਰ ਜੀ ਅਤੇ ਪੰਜਾਬ ਦੇ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਵਿਸ਼ੇਸ਼ ਤੌਰ ਤੇ ਪਹੁੰਚੇ। ਉਹਨਾਂ ਨੇ ਜਿੱਥੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਂਨਟ ਦੀਆਂ ਚੋਣਾਂ ਸਬੰਧੀ ਵਿਚਾਰ ਕੀਤੀ ਤੇ ਉੱਥੇ ਹੀ ਨਾਲ 19 ਅਪ੍ਰੈਲ ਨੂੰ ਕਰਵਾਏ ਜਾ ਰਹੇ ਜਥੇਬੰਦੀ ਦੇ ਸਥਾਪਨਾ ਦਿਵਸ ਤੇ ਵੀ ਵਿਚਾਰ ਕੀਤੀ ਤੇ ਵੱਧ ਤੋਂ ਵੱਧ ਗਿਣਤੀ ਵਿੱਚ ਸ਼ਾਮਿਲ ਹੋਣ ਲਈ ਕਿਹਾ ਤੇ ਨਾਲ ਹੀ



ਨਾਲ ਸਮਾਜ ਦੇ ਭੱਖਦੇ ਮਸਲਿਆਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਤੇ ਉਹਨਾਂ ਦੇ ਹੱਲ ਲਈ ਸੰਘਰਸ਼ ਕਰਨ ਲਈ ਵੀ ਤਿਆਰ ਰਹਿਣ ਵਾਸਤੇ ਕੀ ਕਿਹਾ। ਪੰਜਾਬ ਦੇ ਪ੍ਰਧਾਨ ਬੋਦਲ ਜੀ ਨੇ ਵੀ ਪਿੰਡ ਪੱਧਰ ਤੱਕ ਯੂਨਿਟ ਕਾਇਮ ਕਰਨ ਲਈ ਕਿਹਾ ਤੇ ਇਸ ਦੇ ਨਾਲ ਹੀ ਹੋਰ ਬੁਲਾਰਿਆਂ ਵਿੱਚ ਭੁਪਿੰਦਰ ਸਿੰਘ ਜਿਲਾ ਪ੍ਰਧਾਨ ਰਾਮ ਲੁਭਾਇਆ ਕਲਸੀ ਕੈਸ਼ੀਅਰ ਬੂਟਾ ਸਿੰਘ ਮਾਹਿਲ ਸਕੱਤਰ ਪਿੰਸੀਪਲ ਦਿਲਬਾਗ ਸਿੰਘ, ਹਰੀ ਸਿੰਘ,ਕੇਵਲ ਰਾਮ, ਰਵਿੰਦਰ ਲਾਲੀ ਪ੍ਰਧਾਨ ਅੰਬੇਡਕਰ ਕਲੱਬ ਅਤੇ ਕੇਵਲ ਸਿੰਘ ਆਦਿ ਨੇ ਵੀ ਵਿਚਾਰ ਰੱਖੇ ਅੰਤ ਵਿੱਚ ਸਾਬਕਾ ਜਿਲਾ ਸਿੱਖਿਆ ਅਧਿਕਾਰੀ ਸ੍ਰੀ ਅਮਰਜੀਤ ਖਟਕੜ ਚੇਅਰਮੈਨ ਨੇ ਵੀ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਸਮੂਹ ਜਥੇਬੰਦੀ ਦੇ ਜੁਝਾਰੂ ਸਾਥੀਆਂ ਦੇ ਸ਼ਾਮਿਲ ਹੋਣ ਲਈ ਧੰਨਵਾਦ ਵੀ ਕੀਤਾ ਤੇ ਵੱਧ ਤੋਂ ਵੱਧ ਸਹਿਯੋਗ ਦੇਣ ਵਾਸਤੇ ਕਿਹਾ ਤਾਂ ਕਿ ਉਸ ਪ੍ਰੋਗਰਾਮ ਨੂੰ ਸਫਲ ਬਣਾਇਆ ਜਾ ਸਕੇ ਇਸ ਲਈ ਹੇਠਲੀ ਪੱਧਰ ਤੱਕ ਤਿਆਰੀ ਕਰਨ ਲਈ ਕਿਹਾ ਗਿਆ ਇਸ ਮੌਕੇ ਤੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਹੋਰਨਾ ਚ ਬਲਵੰਤ ਸਿੰਘ ਤਹਿਸੀਲ ਪ੍ਰਧਾਨ ਮਨਜੀਤ ਸਿੰਘ ਕਿਰਨ ਜਗਜੀਵਨ ਰਾਮ ਆਦਿ ਹਾਜ਼ਰ ਸਨ।

# ਗੁਰਦੁਆਰਾ ਚਰਨ ਕੰਵਲ ਜੀਂਦੋਵਾਲ-ਬੰਗਾ ਤੇ ਗੋਬਿੰਦਪੁਰ ਵਿਖੇ ਭੇਟ ਕੀਤੇ ਸੋਨੇ ਦੇ ਚੌਰ ਸਾਹਿਬ

**ਨਵਾਂਸ਼ਹਿਰ, 3 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )**-ਗੁਰਦੁਆਰਾ ਪਾਤਸਾਹੀ ਛੇਵੀਂ ਚਰਨ ਕੰਵਲ ਸਾਹਿਬ ਜੀਂਦੋਵਾਲ-ਬੰਗਾ ਅਤੇ ਗੋਬਿੰਦਪੁਰ ਵਿਖੇ ਸਰਦਾਰ ਸੋਹਣ ਸਿੰਘ ਝਿੱਕਾ ਇੰਗਲੈਂਡ ਨਿਵਾਸੀ ਵਲੋਂ ਆਪਣੇ ਭਰਾ ਅਜੀਤ ਸਿੰਘ ਅਤੇ ਦਾਦੀ ਮਹਾਂ ਕੌਰ ਦੀ ਯਾਦ ਵਿੱਚ ਚੌਰ ਸਾਹਿਬ ਭੇਟ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਮੁੱਖ ਬੁਲਾਰੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੇ ਉਨਾਂ ਦਾ ਧੰਨਵਾਦ ਕਰਦੇ ਹੋਏ ਗੁਰੂ ਸਾਹਿਬ ਦੀ ਬਖਸ਼ਿਸ਼ ਸਿਰੋਪਾਓ ਨਾਲ ਉਨਾਂ ਦਾ ਸਨਮਾਨ ਕੀਤਾ। ਜਥੇਦਾਰ ਗੁਰਬਖਸ ਸਿੰਘ ਖਾਲਸਾ ਨੇ ਕਿਹਾ ਕਿ ਆਦਿ ਕਾਲ ਤੋਂ ਹੀ ਚੱਲੀ ਆ ਰਹੀ ਪ੍ਰੰਮਪਰਾ ਅਨੁਸਾਰ ਗੁਰੂ ਘਰ ਦੇ ਸ਼ਰਧਾਵਾਨ ਸਿੱਖ ਸਰਦਾਰ ਸੋਹਣ ਸਿੰਘ ਝਿੱਕਾ ਨੇ ਆਪਣੇ ਪਰਿਵਾਰ ਦੇ ਵਿਛੜੇ ਪਿਆਰਿਆਂ ਦੀ ਯਾਦ ਵਿਚ ਆਪਣੀ ਕਿਰਤ ਕਮਾਈ ਵਿੱਚੋ ਸੋਨੇ ਦੇ ਚੌਰ ਸਾਹਿਬ ਭੇਟ ਕਰਕੇ ਆਪਣੇ ਸਨੇਹ ਅਤੇ ਗੁਰੂ ਸਾਹਿਬ ਪ੍ਰਤੀ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ। ਜਿਕਰਯੋਗ ਹੈ ਕਿ ਇਸ ਪਹਿਲਾਂ ਵੀ ਸਰਦਾਰ ਸੋਹਣ ਸਿੰਘ ਝਿੱਕਾ ਇੰਗਲੈਂਡ ਨਿਵਾਸੀ ਹੋਰ ਵੀ



**ਗੁਰਦੁਆਰਾ ਚਰਨ ਕੰਵਲ ਜੀਂਦੋਵਾਲ-ਬੰਗਾ ਵਿਖੇ ਸਰਦਾਰ ਸੋਹਣ ਸਿੰਘ ਝਿੱਕਾ ਸੋਨੇ ਦਾ ਚੌਰ ਸਾਹਿਬ ਭੇਟ ਕਰਦੇ ਹੋਏ ਅਤੇ ਜਥੇਦਾਰ ਗੁਰਬਖਸ ਸਿੰਘ ਖਾਲਸਾ ਉਹਨਾਂ ਦਾ ਸਨਮਾਨ ਕਰਦੇ ਹੋਏ ਨਾਲ ਹੋਰ ਸੇਵਾਦਾਰ।**

ਵੱਧ-ਵੱਧ ਗੁਰੂ ਘਰਾਂ ਵਿਚ ਸੋਨੇ ਦੇ ਚੌਰ ਸਾਹਿਬ ਤੇ ਕੀਮਤੀ ਸੁਗਾਤਾਂ ਭੇਟ ਕਰ ਚੁੱਕੇ ਹਨ। ਇਸ ਸਮੇ ਗੁਰਦੁਆਰਾ ਚਰਨ ਕੰਵਲ ਸਾਹਿਬ ਦੇ ਮੈਨੇਜਰ ਹਰਭਜਨ ਸਿੰਘ, ਕਥਾਵਾਚਕ ਗਿਆਨੀ ਪਲਵਿੰਦਰ ਸਿੰਘ, ਜਥੇਦਾਰ ਹਰਦੀਪ ਸਿੰਘ ਕੋਟ ਰਾਝਾ, ਜਥੇਦਾਰ ਪੰਜਾਬ ਸਿੰਘ ਸੁੱਜੋਵਾਲ, ਡਾ. ਕਸ਼ਮੀਰ ਸਿੰਘ ਢਿੱਲੋਂ, ਸੂਬੇਦਾਰ ਫਤਿਹ ਸਿੰਘ, ਹਰਦੀਪ ਸਿੰਘ ਗਹੂੰਣ, ਸਰਬਜੀਤ ਸਿੰਘ ਕਾਹਮਾ, ਕਮਲਜੀਤ ਸਿੰਘ ਗੋਬਿੰਦਪੁਰ ਅਤੇ ਧਰਮ ਸਿੰਘ ਗੋਬਿੰਦਪੁਰ ਆਦਿ ਗੁਰੂ ਘਰ ਦੇ ਸੇਵਾਦਾਰ ਵੀ ਹਾਜ਼ਰ ਸਨ।

# ਇਨਾਮ ਵੰਡ ਸਮਾਰੋਹ ਸ਼੍ਰੀ ਜਗਤ ਰਾਮ ਦਰਸ਼ਨਾ ਜੈਨ ਯਾਦਗਾਰੀ ਵਿਦਿਆ ਮੰਦਿਰ ਵਿੱਚ ਆਯੋਜਿਤ - ਡਾ. ਬਬੀਤਾ ਜੈਨ

**ਨਵਾਂਸ਼ਹਿਰ, 3 ਅਪ੍ਰੈਲ (ਮਨੋਰੰਜਨ ਕਾਲੀਆ)** ਸਮਾਜ ਸੇਵਕ ਰਤਨ ਕੁਮਾਰ ਜੈਨ ਨੇ ਸਾਂਝਾ ਕੀਤਾ ਕਿ ਉਨ੍ਹਾਂ ਦੀ ਭੈਣ ਸਮਾਜ ਸੇਵਕ ਡਾ. ਬਬੀਤਾ ਜੈਨ ਦੇ ਯਤਨਾਂ ਸਦਕਾ ਵਿਦਿਆਰਥੀਆਂ ਲਈ ਸਾਲਾਨਾ ਨਤੀਜਿਆਂ ਦਾ ਐਲਾਨ ਅਤੇ ਇਨਾਮ ਵੰਡ ਸਮਾਰੋਹ ਸ਼੍ਰੀ ਜਗਤ ਰਾਮ ਦਰਸ਼ਨਾ ਦੇਵੀ ਯਾਦਗਾਰੀ ਵਿਦਿਆ ਮੰਦਿਰ ਮੋਹਨ ਐਨਕਲੇਵ, ਪਿੰਡ ਚੂੜਪੁਰ, ਲੁਧਿਆਣਾ ਵਿਖੇ ਆਯੋਜਿਤ ਕੀਤਾ ਗਿਆ ਜੋ ਕਿ ਭਗਵਾਨ ਮਹਾਵੀਰ ਸੇਵਾ ਸੰਸਥਾਨ ਲੁਧਿਆਣਾ ਦੀ ਸਰਪ੍ਰਸਤੀ ਹੇਠ ਉਨ੍ਹਾਂ ਦੇ ਪਿਤਾ ਸ਼੍ਰੀ ਜਗਤ ਰਾਮ ਜੈਨ ਅਤੇ ਮਾਤਾ ਦਰਸ਼ਨਾ ਜੈਨ ਦੀ ਯਾਦ ਵਿੱਚ ਚਲਾਇਆ ਜਾਂਦਾ ਹੈ। ਮੁੱਖ ਮਹਿਮਾਨ ਸਮਾਜ ਸੇਵਕ ਰਾਕੇਸ਼ ਜੈਨ, (ਭਗਵਾਨ ਮਹਾਵੀਰ ਸੇਵਾ ਸੰਸਥਾਨ ਦੇ ਪ੍ਰਧਾਨ) ਸਨ, ਅਤੇ ਸਮਾਗਮ ਦੀ ਪ੍ਰਧਾਨਗੀ ਜਨਰਲ ਸਕੱਤਰ, ਰਾਜ ਪੁਰਸਕਾਰ ਜੇਤੂ ਸਿੱਖਿਆ ਸ਼ਾਸਤਰੀ ਡਾ. ਬਬੀਤਾ ਜੈਨ ਨੇ ਕੀਤੀ। ਆਕਰਸ਼ਿਤ ਜੈਨ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ। ਇਹ ਵਿਦਿਆ ਮੰਦਿਰ, 2024 ਵਿੱਚ ਗਰੀਬ ਝੁੱਗੀ-ਝੌਂਪੜੀ ਵਾਲੇ ਪਰਿਵਾਰਾਂ ਦੇ ਬੱਚਿਆਂ ਲਈ ਸਥਾਪਿਤ ਕੀਤਾ ਗਿਆ ਸੀ, ਜੋ ਉਨ੍ਹਾਂ ਬੱਚਿਆਂ ਵਿੱਚ ਸਿੱਖਿਆ ਦੀ ਇੱਛਾ ਜਗਾਉਂਦਾ ਹੈ ਜੋ ਕਦੇ ਪੇਪਰ ਚੁੱਕਣਾ ਪਸੰਦ ਕਰਦੇ ਸਨ ਅਤੇ ਕਦੇ ਸਕੂਲ ਨਹੀਂ ਜਾਣਾ ਚਾਹੁੰਦੇ ਸਨ। ਅੱਜ, ਉਹ



ਸਕੂਲ ਵਿੱਚ ਵਧੀਆ ਕੱਪੜੇ ਪਾ ਕੇ ਆਉਂਦੇ! ਇਸ ਮੌਕੇ 'ਤੇ, 2025-26 ਸੈਸ਼ਨ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ, ਅਤੇ ਹੋਰ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਮੈਡਲ ਭੇਟ ਕੀਤੇ ਗਏ। ਉਸਨੇ ਸਾਂਝਾ ਕੀਤਾ ਕਿ ਅੱਜ, ਸ਼੍ਰੀ ਜਗਤ ਰਾਮ ਦਰਸ਼ਨਾ ਜੈਨ ਦੀ ਪੋਤੀ ਐਸ਼ਵਰਿਆ ਅਤੇ ਉਸਦੇ ਪਤੀ ਬਲੇਜ਼ ਨੇ ਸ਼ੁਭਕਾਮਨਾਵਾਂ ਦੇ ਪ੍ਰਤੀਕ ਵਜੋਂ ਮੁੰਬਈ ਤੋਂ ਕਿਤਾਬਾਂ, ਨੋਟਬੁੱਕ, ਵਰਕਬੁੱਕ, ਸਟੇਸ਼ਨਰੀ ਅਤੇ ਖਾਣ-ਪੀਣ ਦੀਆਂ ਚੀਜ਼ਾਂ ਭੇਜੀਆਂ, ਜਿਸ ਲਈ ਸੰਸਥਾ ਉਨ੍ਹਾਂ ਦੇ ਦਿਆਲੂ ਇਸ਼ਾਰੇ ਦੀ ਕਦਰ ਕਰਦੀ ਹੈ। ਵਿਸ਼ੇਸ਼ ਤੌਰ 'ਤੇ ਸੱਦਾ ਦਿੱਤੇ ਗਏ ਯੂਥ ਵਿੰਗ ਦੇ ਜਨਰਲ ਸਕੱਤਰ ਆਕਰਸ਼ਿਤ ਜੈਨ ਨੇ ਕਿਹਾ ਕਿ ਸਿੱਖਿਆ ਇੱਕ ਅਨਮੋਲ ਤੋਹਫ਼ਾ ਹੈ, ਜੋ ਸਾਨੂੰ ਦੂਜਿਆਂ ਦੀ ਮਦਦ ਕਰਨ ਦੇ ਯੋਗ ਬਣਾਉਂਦਾ ਹੈ। ਅਸ਼ਵਨੀ ਜੈਨ, ਦਿਵਿਆ ਜੈਨ, ਰਤਨ ਕੁਮਾਰ ਜੈਨ, ਸਵਿਤਾ ਜੈਨ, ਅਗਮ ਜੈਨ, ਜੋਤੀਸ਼ਾ ਜੈਨ, ਹਰੀਦਾ ਜੈਨ, ਅਤੇ ਤ੍ਰਿਸ਼ਨ ਜੈਨ ਨੇ ਸਕੂਲ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਸ਼ੁਭਕਾਮਨਾਵਾਂ ਦਿੱਤੀਆਂ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... (FREE CONSULTATION) ...

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... £120

2) ਮਾਨਸਿਕ ਸ਼ਕਤੀ ਲਈ: (NERVE TONIC)- ... £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

| | | |
|---|---|---|
| 1) | -------- 1 ਮਹੀਨੇ ਦੀ ਕੀਮਤ | £35 |
| 2) | -------- 1 ਮਹੀਨੇ ਦੀ ਕੀਮਤ | £35 |
| 3) | (HEALTHY SPERMS) ... 1 ਮਹੀਨੇ ਦੀ ਕੀਮਤ | £40 |
| 4) | -------- 1 ਮਹੀਨੇ ਦੀ ਕੀਮਤ | £35 |
| 5) | -------- 1 ਮਹੀਨੇ ਦੀ ਕੀਮਤ | £35 |
| 6) | -------- 1 ਮਹੀਨੇ ਦੀ ਕੀਮਤ | £30 |
| 7) | -------- 1 ਮਹੀਨੇ ਦੀ ਕੀਮਤ | £25 |
| 8) | -------- 1 ਮਹੀਨੇ ਦੀ ਕੀਮਤ | £25 |

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69

ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89

ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69

ਨੁਸਖਾ ਨੰਬਰ 4 (IN CAPSULES) ... FLAT ... TONED ... £69

ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69

ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49

ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59

ਨੁਸਖਾ ਨੰਬਰ 8 (IN CAPSULES) ... £59

ਨੁਸਖਾ ਨੰਬਰ 9 (IN CAPSULES) ... £59

ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59

ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89

ਨੁਸਖਾ ਨੰਬਰ 13 (IN VIALS) ... £89

ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ...

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (SPRAINS) ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ABSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਹਿਮਾਚਲ ਐਂਟਰੀ ਟੈਕਸ ਮਾਮਲੇ 'ਚ ਕੇਂਦਰ ਤੋਂ ਦਖ਼ਲ ਦੀ ਮੰਗ, ਡਾ. ਸੁਭਾਸ਼ ਸ਼ਰਮਾ ਨੇ ਗਡਕਰੀ ਨੂੰ ਲਿਖਿਆ ਪੱਤਰ

**ਰਾਸ਼ਟਰੀ ਰਾਜਮਾਰਗਾਂ 'ਤੇ ਟੈਕਸ ਨੂੰ ਦੋਹਰੀ ਵਸੂਲੀ ਕਰਾਰ**

**ਨਵਾਂਸ਼ਹਿਰ 3ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਹਿਮਾਚਲ ਪ੍ਰਦੇਸ਼ ਵਿੱਚ ਵਾਹਨਾਂ 'ਤੇ ਲੱਗ ਰਹੇ ਐਂਟਰੀ ਟੈਕਸ ਨੂੰ ਲੈ ਕੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਅਤੇ ਉਪ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਨੇ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੂੰ ਪੱਤਰ ਲਿਖ ਕੇ ਤੁਰੰਤ ਦਖ਼ਲ ਦੀ ਮੰਗ ਕੀਤੀ ਹੈ।ਆਪਣੇ ਪੱਤਰ ਵਿੱਚ ਉਨ੍ਹਾਂ ਕਿਹਾ ਕਿ ਹਿਮਾਚਲ ਸਰਕਾਰ ਵੱਲੋਂ ਰਾਜ ਵਿੱਚ ਦਾਖ਼ਲ ਹੋਣ ਵਾਲੇ ਵਾਹਨਾਂ, ਸਮੇਤ ਰਾਸ਼ਟਰੀ ਰਾਜਮਾਰਗਾਂ 'ਤੇ ਚੱਲਣ ਵਾਲਿਆਂ 'ਤੇ ਵੀ ਐਂਟਰੀ ਟੈਕਸ ਲਗਾਇਆ ਜਾ ਰਿਹਾ ਹੈ। ਇਸ ਨਾਲ ਆਮ ਯਾਤਰੀਆਂ



ਅਤੇ ਟ੍ਰਾਂਸਪੋਰਟ ਕਾਰੋਬਾਰੀਆਂ 'ਤੇ ਵਾਧੂ ਆਰਥਿਕ ਬੋਝ ਪੈਦਾ ਹੋ ਰਿਹਾ ਹੈ ਅਤੇ ਪੰਜਾਬ ਸਮੇਤ ਪੜੋਸੀ ਰਾਜਾਂ ਵਿੱਚ ਨਾਰਾਜ਼ਗੀ ਵਧ ਰਹੀ ਹੈ।ਡਾ. ਸ਼ਰਮਾ ਨੇ ਦਲੀਲ ਦਿੱਤੀ ਕਿ ਰਾਸ਼ਟਰੀ ਰਾਜਮਾਰਗ ਕੇਂਦਰ ਸਰਕਾਰ ਦੇ ਫੰਡ ਨਾਲ ਬਣਦੇ ਹਨ, ਜਿਸਦਾ ਮਕਸਦ ਬਿਨਾਂ ਰੁਕਾਵਟ ਆਵਾਜਾਈ ਯਕੀਨੀ ਬਣਾਉਣਾ ਹੈ। ਅਜਿਹੇ ਵਿੱਚ ਇਨ੍ਹਾਂ ਸੜਕਾਂ 'ਤੇ ਵਾਧੂ ਟੈਕਸ ਲਗਾਉਣਾ ਇਸ ਮੂਲ ਉਦੇਸ਼ ਦੇ ਉਲਟ ਹੈ ਅਤੇ ਇਹ ਦੋਹਰੀ ਵਸੂਲੀ ਦੇ ਬਰਾਬਰ ਹੈ।ਉਨ੍ਹਾਂ ਸੰਵਿਧਾਨਕ ਪੱਖਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਟੈਕਸ ਆਰਟਿਕਲ 301 ਅਧੀਨ ਆਵਾਜਾਈ ਦੀ ਆਜ਼ਾਦੀ ਦੇ ਸਿਧਾਂਤ ਦੇ ਖ਼ਿਲਾਫ਼ ਹੈ, ਜਦਕਿ ਆਰਟਿਕਲ 304(ਬੀ) ਅਨੁਸਾਰ ਲਾਗੂ ਕੀਤੀਆਂ ਪਾਬੰਦੀਆਂ ਤਰਕਸੰਗਤ ਅਤੇ ਮਨਜ਼ੂਰਸ਼ੁਦਾ ਹੋਣੀਆਂ ਚਾਹੀਦੀਆਂ ਹਨ। ਉਨ੍ਹਾਂ ਸੁਪਰੀਮ ਕੋਰਟ ਦੇ ਜਿੰਦਲ ਸਟੇਨਲੇਸ ਮਾਮਲੇ (2016) ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਐਂਟਰੀ ਟੈਕਸ ਗੈਰ-ਭੇਦਭਾਵਪੂਰਨ ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਰਾਜਮਾਰਗਾਂ 'ਤੇ ਪਹਿਲਾਂ ਹੀ ਟੋਲ ਵਸੂਲਿਆ ਜਾਂਦਾ ਹੈ, ਇਸ ਲਈ ਵਾਧੂ ਟੈਕਸ ਜਾਇਜ਼ ਨਹੀਂ। ਅੰਤ ਵਿੱਚ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਹਿਮਾਚਲ ਸਰਕਾਰ ਨੂੰ ਇਹ ਟੈਕਸ ਤੁਰੰਤ ਵਾਪਸ ਲੈਣ ਲਈ ਨਿਰਦੇਸ਼ ਜਾਰੀ ਕੀਤੇ ਜਾਣ, ਤਾਂ ਜੋ ਆਵਾਜਾਈ ਸੁਚਾਰੂ ਬਣੀ।

# ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਆਗੂ ਮਦਨ ਲਾਲ ਦਾ ਸ਼ਰਧਾਂਜਲੀ ਸਮਾਗਮ 5 ਅਪ੍ਰੈਲ ਨੂੰ

**ਨਵਾਂਸ਼ਹਿਰ /ਕਾਠਗੜ੍ਹ 3 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ) ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ (ਇਫਟੂ) ਇਲਾਕਾ ਕਮੇਟੀ ਬਲਾਚੌਰ ਦੇ ਕਨਵੀਨਰ ਸਾਥੀ ਮਦਨ ਲਾਲ (62) ਵਾਸੀ ਪਿੰਡ ਨੱਥਾ ਨੰਗਲ ਦਾ ਸ਼ਰਧਾਂਜਲੀ ਸਮਾਗਮ 5 ਅਪ੍ਰੈਲ ਨੂੰ ਪਿੰਡ ਨੱਥਾ ਨੰਗਲ ਵਿਖੇ ਕੀਤਾ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ ਨੇ ਦੱਸਿਆ ਕਿ ਬੀਤੇ ਦਿਨੀਂ ਮਦਨ ਲਾਲ ਦੀ ਮੌਤ ਦਿਲ ਦੀ ਧੜਕਣ**



ਮਦਨ ਲਾਲ ਦੀ ਪੁਰਾਣੀ ਤਸਵੀਰ।

**ਬੰਦ ਹੋਣ ਕਾਰਨ ਹੋ ਗਈ ਸੀ। ਪਰਿਵਾਰ ਵੱਲੋਂ ਕਰਵਾਏ ਜਾ ਰਹੇ ਪਾਠ ਦੇ ਭੋਗ ਪਾਉਣ ਉਪਰੰਤ ਇਫਟੂ ਦੇ ਆਗੂ ਵਿਛੜੇ ਸਾਥੀ ਨੂੰ ਸ਼ਰਧਾਂਜਲੀਆਂ ਭੇਟ ਕਰਨਗੇ।ਉਹਨਾਂ ਕਿਹਾ ਕਿ ਮਦਨ ਲਾਲ ਦੇ ਤੁਰ ਜਾਣ ਨਾਲ ਜੱਥੇਬੰਦੀ ਅਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ।**

for more news visit:
www.samajweekly.com

# ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡ ਨਿੱਘੀ ਨੂੰ 18 ਲੱਖ ਦੇ ਟਿਊਬਵੈੱਲ ਦਾ ਤੋਹਫ਼ਾ

**ਰਾਜਨੀਤਿਕ ਰਿਵਾਇਤਾਂ ਤੋੜ ਕੇ ਬਜ਼ੁਰਗਾਂ ਹੱਥੋਂ ਰਖਵਾਇਆ ਨੀਂਹ ਪੱਥਰ,ਪਿੰਡ ਦੇ ਵਿਕਾਸ ਲਈ ਖੋਲ੍ਹੇ ਗੱਫੇ**

**ਨਵਾਂਸ਼ਹਿਰ /ਕਾਠਗੜ੍ਹ , 3 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ ):** ਹਲਕਾ ਬਲਾਚੌਰ ਵਿੱਚ ਚੱਲ ਰਹੀ ਵਿਕਾਸ ਦੀ ਲਹਿਰ ਨੂੰ ਹੋਰ ਤੇਜ਼ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਅੱਜ ਪਿੰਡ ਨਿੱਘੀ ਵਿਖੇ 18 ਲੱਖ ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਪੀਣ ਵਾਲੇ ਪਾਣੀ ਦੇ ਨਵੇਂ ਟਿਊਬਵੈੱਲ ਦੇ ਕੰਮ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਵਿਧਾਇਕਾ ਵੱਲੋਂ ਇੱਕ ਨਿਵੇਕਲੀ ਪਹਿਲ ਕਰਦਿਆਂ ਖੁਦ ਉਦਘਾਟਨ ਕਰਨ ਦੀ ਬਜਾਏ ਪਿੰਡ ਦੇ ਸਤਿਕਾਰਯੋਗ ਬਜ਼ੁਰਗਾਂ ਪਾਸੋਂ 'ਕਹੀ ਦਾ ਟੱਕ' ਲਵਾ ਕੇ ਪ੍ਰੋਜੈਕਟ ਦਾ ਨੀਂਹ ਪੱਥਰ ਰਖਵਾਇਆ ਗਿਆ, ਜਿਸ ਦੀ ਇਲਾਕੇ ਵਿੱਚ ਖੂਬ ਸ਼ਲਾਘਾ ਹੋ ਰਹੀ ਹੈ। ਵਿਧਾਇਕਾ ਕਟਾਰੀਆ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਿੰਡ ਨਿੱਘੀ ਦੇ ਸਰਵਪੱਖੀ ਵਿਕਾਸ ਲਈ ਪਹਿਲਾਂ ਹੀ ਵੱਡੀਆਂ ਗਰਾਂਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਨੇ ਲਾਇਬ੍ਰੇਰੀ: 5.00 ਲੱਖ ਰੁਪਏ,ਗਲੀਆਂ ਦਾ ਨਿਰਮਾਣ: 2.00 ਲੱਖ ਰੁਪਏ,ਸਰਬਸੰਮਤੀ ਨਾਲ ਚੁਣੀ ਪੰਚਾਇਤ ਲਈ ਸਨਮਾਨ ਰਾਸ਼ੀ 5.00 ਲੱਖ ਰੁਪਏ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ





ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਨਿਸ਼ਾਨਾ ਹਰ ਘਰ ਤੱਕ ਸਾਫ਼ ਪਾਣੀ ਪਹੁੰਚਾਉਣਾ ਅਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰਨਾ ਹੈ। ਸਮਾਗਮ ਨੂੰ ਸੰਬੋਧਨ ਕਰਦਿਆਂ 'ਆਪ' ਆਗੂ ਅਸ਼ੋਕ ਕਟਾਰੀਆ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਦੀ ਨੁਹਾਰ ਬਦਲਣ ਲਈ ਦਿਨ-ਰਾਤ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਟਿਊਬਵੈੱਲ ਲੱਗਣ ਨਾਲ ਪਿੰਡ ਦੀ ਪਾਣੀ ਦੀ ਕਿੱਲਤ ਜਲਦ ਖ਼ਤਮ ਹੋ ਜਾਵੇਗੀ ਅਤੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਮਿੰਟੋ ਸਰਪੰਚ, ਸੁਰਿੰਦਰ ਪੰਚ, ਦਵਿੰਦਰ ਸੋਨੂ ਪੰਚ, ਬਲਬੀਰ ਚੰਦ ਚੇਚੀ, ਕਾਵਲ ਚੰਦ ਚੇਚੀ, ਦੇਵਰਾਜ ਮੀਲੂ, ਜਸਪਾਲ (ਰਿਟਾਇਰ ਰੇਂਜ ਅਫਸਰ), ਇਕਬਾਲ (ਰਿਟਾਇਰ ਇੰਸਪੈਕਟਰ), ਰੂਪ ਲਾਲ, ਠੇਕੇਦਾਰ ਦਿਲਬਾਗ ਰਾਏ, ਪਵਨ ਕੁਮਾਰ, ਬਲਬੀਰ ਸਿੰਘ ਫੌਜੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਪਿੰਡ ਵਾਸੀਆਂ ਨੇ ਇਸ ਸੌਗਾਤ ਲਈ ਵਿਧਾਇਕਾ ਅਤੇ ਪੰਜਾਬ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਭਾਜਪਾ ਦਫ਼ਤਰ 'ਤੇ ਗ੍ਰਨੇਡ ਹਮਲਾ ਸੁਰੱਖਿਆ 'ਤੇ ਉੱਠੇ ਸਵਾਲ

**ਇਹ ਘਿਣਾਉਣੀ ਹਰਕਤ ਕਰਨ ਵਾਲੇ ਦੋਸ਼ੀਆਂ ਨੂੰ ਫੜ ਕੇ ਸਖ਼ਤ ਤੋਂ ਸਜ਼ਾ ਦਿੱਤੀ ਜਾਵੇ :ਐਡਵੋਕੇਟ ਰਾਜਵਿੰਦਰ ਲੱਕੀ**

**ਨਵਾਂਸ਼ਹਿਰ 3 ਅਪ੍ਰੈਲ (ਜਤਿੰਦਰ** ਪਾਲ ਸਿੰਘ ਕਲੇਰ )ਚੰਡੀਗੜ੍ਹ ਵਿੱਚ ਭਾਜਪਾ ਦੇ ਰਾਜ ਸਤ੍ਹਾ ਦੇ ਦਫ਼ਤਰ 'ਤੇ ਹੋਏ ਗ੍ਰਨੇਡ ਹਮਲੇ ਨੂੰ ਲੈ ਕੇ ਭਾਜਪਾ ਦੇ ਸੀਨੀਅਰ ਨੇਤਾ ਅਤੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਲੱਕੀ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪੰਜਾਬ ਦੇ ਥਾਣਿਆਂ 'ਤੇ ਲਗਾਤਾਰ ਗ੍ਰਨੇਡ ਹਮਲੇ ਹੋਏ, ਫਿਰ ਹੋਸ਼ਿਆਰਪੁਰ ਵਿੱਚ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੀ ਮੂਰਤੀ ਨੂੰ ਨੁਕਸਾਨ ਪਹੁੰਚਾਇਆ ਗਿਆ ਕ ਅਤੇ ਹੁਣ ਚੰਡੀਗੜ੍ਹ ਵਿੱਚ ਭਾਜਪਾ ਦਫ਼ਤਰ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਸਾਰੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀਆਂ ਹਨ, ਜਿਸਦਾ ਮਕਸਦ ਰਾਜ ਦੇ ਭਾਈਚਾਰੇ ਅਤੇ ਸ਼ਾਂਤੀ ਨੂੰ ਪ੍ਰਭਾਵਿਤ ਕਰਨਾ ਅਤੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰਨਾ ਹੈ। ਐਡਵੋਕੇਟ ਲੱਕੀ ਨੇ ਕਿਹਾ ਕਿ ਪੰਜਾਬ ਦੇ ਥਾਣਿਆਂ ਅਤੇ



ਚੰਡੀਗੜ੍ਹ ਵਿੱਚ ਇਕੋ ਜਿਹੇ ਹਮਲੇ ਇਹ ਸਾਬਤ ਕਰ ਰਹੇ ਹਨ ਕਿ ਇਹਨਾਂ ਦੀਆਂ ਕੜੀਆਂ ਆਪਸ ਵਿੱਚ ਜੁੜੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦੀ ਕਾਨੂੰਨ-ਵਿਵਸਥਾ ਵਿੱਚ ਕਮੀ ਸਾਫ਼ ਨਜ਼ਰ ਆ ਰਹੀ ਹੈ ਅਤੇ ਹੁਣ ਇਸਦਾ ਅਸਰ ਚੰਡੀਗੜ੍ਹ ਤੱਕ ਪਹੁੰਚ ਗਿਆ ਹੈ, ਜੋ ਬਹੁਤ ਚਿੰਤਾਜਨਕ ਗੱਲ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਐਡਵੋਕੇਟ ਲੱਕੀ ਨੇ ਕਿਹਾ ਕਿ ਅਜਿਹੇ ਸੰਵੇਦਨਸ਼ੀਲ ਸਮੇਂ 'ਚ, ਜਦੋਂ ਹਰ ਪਾਸੇ ਡਰ ਦਾ ਮਾਹੌਲ ਹੈ ਅਤੇ ਪੰਜਾਬੀਆਂ 'ਤੇ ਖ਼ਤਰਾ ਮੰਡਰਾ ਰਿਹਾ ਹੈ, ਇਸ ਤਰ੍ਹਾਂ ਦੀਆਂ ਟਿੱਪਣੀਆਂ ਕਰਨਾ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਜਦੋਂ ਸੂਬਾ ਅਜਿਹੀਆਂ ਘਟਨਾਵਾਂ ਨਾਲ ਜੂਝ ਰਿਹਾ ਹੋਵੇ, ਤਦ ਸਰਕਾਰ ਨੂੰ ਰਾਜਨੀਤਿਕ ਬਿਆਨਾਂ ਦੀ ਬਜਾਏ ਠੋਸ ਕਦਮ ਚੁੱਕਣੇ ਚਾਹੀਦੇ ਹਨ। ਐਡਵੋਕੇਟ ਲੱਕੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਇਸ ਹਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਅਤੇ ਪੰਜਾਬ ਵਿੱਚ ਲਗਾਤਾਰ ਹੋ ਰਹੇ ਹਮਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਕੜੀ ਤੋਂ ਕੜੀ ਕਾਰਵਾਈ ਯਕੀਨੀ ਬਣਾਈ ਜਾਵੇ ਤਾਂ ਜੋ ਸੂਬੇ ਵਿੱਚ ਸ਼ਾਂਤੀ ਅਤੇ ਸੁਰੱਖਿਆ ਬਹਾਲ ਹੋ ਸਕੇ। ਅੰਤ ਵਿੱਚ ਐਡਵੋਕੇਟ ਲੱਕੀ ਨੇ ਕਿਹਾ ਕਿ ਪੰਜਾਬ ਦੀ ਸੁਰੱਖਿਆ ਨੂੰ ਪ੍ਰਾਥਮਿਕਤਾ ਦੇ ਕੇ ਕੇਂਦਰ ਸਰਕਾਰ ਦੀ ਮਦਦ ਲਈ ਜਾਵੇ ਅਤੇ ਰਾਜ ਵਿੱਚ ਮਜ਼ਬੂਤ ਸੁਰੱਖਿਆ ਪ੍ਰਬੰਧ ਯਕੀਨੀ ਬਣਾਏ ਜਾਣ।

# ਦਿਨ ਦਿਹਾੜੇ ਪੀ ਆਰ ਟੀ ਸੀ ਬੱਸ ‘ਚ ਦਾਤਰ ਦੀ ਨੋਕ ‘ਤੇ ਲੁੱਟ, 800-900 ਰੁਪਏ ਖੋਹ ਕੇ ਦੋਸ਼ੀ ਫਰਾਰ

## ਕੁਲਾਰਾਂ ਨੇੜੇ ਚਿੱਟੀ ਹੋਂਡਾ ਸਿਟੀ ‘ਚ ਆਏ 3-4 ਵਿਅਕਤੀਆਂ ਵੱਲੋਂ ਵਾਰਦਾਤ, ਪੁਲਿਸ ਚੌਂਕੀ ਮੋਠਾਂਵਾਲਾ ‘ਚ ਸ਼ਿਕਾਇਤ ਦਰਜ

**ਕਪੂਰਥਲਾ, 3 ਅਪ੍ਰੈਲ (ਕੌੜਾ )-** ਦਿਨ ਦਿਹਾੜੇ ਤਕਰੀਬਨ 12:30 ਵਜੇ ਪੀਆਰਟੀਸੀ ਦੀ ਇੱਕ ਬੱਸ, ਜੋ ਰੋਜ਼ਾਨਾ ਜਲੰਧਰ ਤੋਂ ਸੁਲਤਾਨਪੁਰ ਲੋਧੀ ਵਾਇਆ ਸਿੱਧਵਾਂ ਦੋਨਾ-ਮੋਠਾਂਵਾਲਾ ਰੂਟ ‘ਤੇ ਚੱਲਦੀ ਹੈ, ਨੂੰ ਦਾਤਰ ਦੀ ਨੋਕ ‘ਤੇ ਲੁੱਟਣ ਦੀ ਘਟਨਾ ਸਾਹਮਣੇ ਆਈ ਹੈ।



ਪੀਆਰਟੀਸੀ ਬੱਸ ਨੰਬਰ ਪੀਬੀ ਜ਼ੀਰੋ ਏਟ ਡੀ - ਜੀ 5859 ਦੇ ਡਰਾਇਵਰ ਪਵਿੱਤਰ ਸਿੰਘ ਅਤੇ ਕੰਡਕਟਰ ਮਲਕੀਤ ਸਿੰਘ ਨੇ ਦੱਸਿਆ ਕਿ ਉਹ ਹਰ ਰੋਜ਼ ਦੀ ਤਰ੍ਹਾਂ ਬੱਸ ਦੇ 6-7 ਗੇੜੇ ਲਗਾ ਰਹੇ ਸਨ। ਜਦੋਂ ਬੱਸ ਕੁਲਾਰਾਂ ਦੇ ਨੇੜੇ ਪਹੁੰਚੀ ਤਾਂ ਇੱਕ ਚਿੱਟੀ ਪੁਰਾਣੀ ਹੋਂਡਾ ਸਿਟੀ ਕਾਰ, ਜਿਸ ਵਿੱਚ 3-4 ਵਿਅਕਤੀ ਸਵਾਰ ਸਨ, ਨੇ ਬੱਸ ਦਾ ਰਸਤਾ ਰੋਕ ਲਿਆ।




ਉਨ੍ਹਾਂ ਵਿੱਚੋਂ ਦੋ ਵਿਅਕਤੀ ਦਾਤਰ ਲੈ ਕੇ ਬੱਸ ਵਿੱਚ ਜਬਰਦਸਤੀ ਚੜ੍ਹ ਗਏ ਅਤੇ ਡਰਾਉਂਦੇ ਹੋਏ ਕੰਡਕਟਰ ਦੇ ਬੈਗ ਵਿੱਚੋਂ ਲਗਭਗ 800-900 ਰੁਪਏ ਖੋਹ ਲਏ। ਘਟਨਾ ਦੌਰਾਨ ਇੱਕ ਦੋਸ਼ੀ ਨੇ ਆਪਣੀ ਪਛਾਣ “ਸਿੱਧਵਾਂ ਦਾ ਜੋਗੀ” ਵਜੋਂ ਦੱਸਦਿਆਂ ਧਮਕੀ ਦਿੱਤੀ ਕਿ ਕਿਸੇ ਨੂੰ ਦੱਸਿਆ ਤਾਂ ਨਤੀਜੇ ਭੁਗਤਣੇ ਪੈਣਗੇ।

ਵਾਰਦਾਤ ਤੋਂ ਬਾਅਦ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਬੱਸ ਸਟਾਫ ਵੱਲੋਂ ਤੁਰੰਤ ਬੱਸ ਨੂੰ ਪੁਲਿਸ ਚੌਂਕੀ ਮੋਠਾਂਵਾਲਾ ਲਿਜਾ ਕੇ ਲਿਖਤੀ ਸ਼ਿਕਾਇਤ ਦਰਜ ਕਰਵਾਈ ਗਈ ਹੈ।



ਏਐਸਆਈ ਸੁਰਜੀਤ ਸਿੰਘ ਚੌਂਕੀ ਇੰਚਾਰਜ ਮੋਠਾਂਵਾਲਾ ਨਾਲ ਸੰਪਰਕ ਕਰਨ ‘ਤੇ ਉਨ੍ਹਾਂ ਕਿਹਾ ਕਿ ਬੱਸ ਦੇ ਡਰਾਈਵਰ ਅਤੇ ਕੰਡਕਟਰ ਵੱਲੋਂ ਸ਼ਿਕਾਇਤ ਦਰਜ ਕਰ ਲਈ ਗਈ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਗੱਡੀ ਨੂੰ ਟ੍ਰੇਸ ਕੀਤਾ ਜਾ ਰਿਹਾ ਹੈ ਅਤੇ ਜਲਦੀ ਹੀ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ।

# ਇੱਕ ਵਿਲੱਖਣ ਸਨਮਾਨ ਸਮਾਰੋਹ

"ਆਹ ਮੂਹਰਲੀ ਲਾਈਨ ਵਿੱਚ ਬੈਠੇ ਸ੍ਰੀ ਰਮੇਸ਼ ਸੇਠੀ ਬਾਬਾ ਨੋਧਾ ਮਲ ਸੇਠੀ ਦੇ ਵੰਸ਼ਜ ਤੇ ਸੇਠ ਹਰਗੁਲਾਲ ਜੀ ਦੇ ਪੋਤਰੇ ਹਨ। ਸ੍ਰੀ ਤੁਲਸੀ ਰਾਮ ਪੁੱਤਰ ਸ੍ਰੀ ਜਗਤ ਰਾਮ ਪੁੱਤਰ ਸ੍ਰੀ ਕਰਮ ਚੰਦ ਜੀ ਦੇ ਪੜਪੋਤੇ ਹਨ। ਇਹ੍ਹਨਾਂ ਦਾ ਜਨਮ ਮਾਤਾ ਕਰਤਾਰ ਕੌਰ ਉਰਫ ਪੁਸ਼ਪਾ ਰਾਣੀ ਦੀ ਕੁੱਖੋਂ 14 ਦਿਸੰਬਰ 1960 ਨੂੰ ਆਪਣੇ ਨਾਨਕੇ ਪਿੰਡ ਬਾਦੀਆਂ ਵਿਖੇ ਨਾਨਾ ਸ੍ਰੀ ਲੇਖ ਰਾਮ ਅਤੇ ਨਾਨੀ ਮਾਤਾ ਪਰਸਿੰਨੀ ਦੇਵੀ ਘਰ ਹੋਇਆ। ਇਹ੍ਹਨਾਂ ਦੇ ਪਿਤਾ ਸ੍ਰੀ ਓਮ ਪ੍ਰਕਾਸ਼ ਜੀ ਸੇਠੀ ਹਰਿਆਣਾ ਦੇ ਮਾਲ ਮਹਿਕਮੇ ਵਿੱਚ ਪਟਵਾਰੀ ਹਨ। ਪੜ੍ਹਾਈ ਵਿੱਚ ਬਹੁਤੇ ਹੁਸ਼ਿਆਰ ਨਹੀਂ ਪਰ ਜਵਾਂ ਨਲਾਇਕ ਵੀ ਨਹੀਂ ਸਨ। ਮਹਾਜਨਾਂ ਦੇ ਘਰ ਦੇ ਜੰਮਪਲ ਹੋਣ ਕਰਕੇ ਸਕੂਲ ਦੇ ਮਾਸਟਰਾਂ ਲਈ ਚਾਹ ਪਾਣੀ ਰੋਟੀ ਟੁੱਕ ਲਿਆਉਣ ਦੀ ਡਿਊਟੀ ਇਹ੍ਹਨਾਂ ਦੀ ਹੀ ਹੁੰਦੀ ਹੈ।" ਘੁਮਿਆਰੇ ਦੇ ਸਕੂਲ ਵਿਚ ਮਾਸਟਰ ਬੰਤਾ ਸਿੰਘ ਬੋਲ ਰਿਹਾ ਸੀ ਤੇ ਮੈਂ ਹੋਰ ਬੱਚਿਆਂ ਨਾਲ ਭੁੰਜੇ ਬੈਠਾ ਘਾਹ ਦਾ ਤੀਲਾ ਚੱਬ ਰਿਹਾ ਸੀ ਤੇ ਦੂਜੇ ਮੁੰਡਿਆਂ ਦੀ ਰੀਸ ਨਾਲ ਤਾੜੀ ਵੀ ਵਜਾ ਰਿਹਾ ਸੀ।ਕਾਲਜ ਦੇ ਐਡੀਟੋਰੀਐਮ ਹਾਲ ਵਿੱਚ ਪ੍ਰੋ ਅਰੋੜਾ ਬੋਲ ਰਹੇ ਸਨ। "ਇਹ ਰਮੇਸ਼ ਸੇਠੀ ਜੋ ਨਾ ਕਦੇ ਪੜ੍ਹਾਈ ਵਿੱਚ ਬਹੁਤਾ ਹੁਸ਼ਿਆਰ ਰਿਹਾ ਹੈ ਨਾ ਕਦੇ ਸਟੇਜ ਤੇ ਚੜ੍ਹਿਆ ਤੇ ਨਾ ਖੇਡਾਂ ਵਿੱਚ ਹਿੱਸੇਦਾਰੀ ਪਰ ਆਪਣੇ ਸਮੇ ਦੌਰਾਨ ਕਾਲਜ ਵਿੱਚ ਚਰਚਿੱਤ ਰਿਹਾ ਹੈ। ਇਸਦੇ ਦੱਸਣ ਮੁਤਾਬਿਕ ਇਹ ਆਪਣੇ ਪਰਿਵਾਰ ਦਾ ਪਹਿਲਾ ਗਰੈਜੂਏਟ ਅਤੇ ਪੂਰੇ ਖਾਨਦਾਨ ਦਾ ਪਹਿਲਾ ਕਮਰਸ ਗਰੈਜੂਏਟ ਬਣਨ ਜਾ ਰਿਹਾ ਹੈ।" ਫਿਰ ਹਾਲ ਵਿੱਚ ਤਾੜੀਆਂ ਵੱਜੀਆਂ ਪਰ ਮੈਂ ਤਾੜੀ ਨਹੀਂ ਵਜਾਈ।

"ਸੇਠੀ ਸਰ 1982 ਵਿਚ ਇਸ ਸੰਸਥਾ ਵਿੱਚ ਆਏ। ਓਦੋਂ ਇਹ ਸੰਸਥਾ ਅਜੇ ਨੌ ਮਹੀਨਿਆਂ ਦੀ ਬਾਲੜੀ ਹੀ ਸੀ। ਇਹ੍ਹਨਾਂ ਨੇ ਲਗਭਗ ਸੈਂਤੀ ਸਾਲ ਇਸ ਸਕੂਲ ਦੇ ਸੈਂਟਰਲ ਐਕਸੇਲ ਵਜੋਂ ਸਕੂਲ ਦੇ ਕਈ ਮੁਖੀਆਂ ਨਾਲ ਕੰਮ ਕੀਤਾ। ਅੱਜ ਸਕੂਲ ਦੀ ਆਪਣੀ ਪਹਿਚਾਣ ਹੈ।ਸਕੂਲ ਦਾ ਅੰਤਰ ਰਾਸ਼ਟਰੀ ਪੱਧਰ ਤੱਕ ਨਾਮ ਚਮਕਿਆ। ਬੋਰਡ ਦੀਆਂ ਮੈਰਿਟਾਂ ਤੋਂ ਲੈ ਕੇ ਵਿਸ਼ਵ ਪੱਧਰੀ ਸ਼ੂਟਰ ਤੇ ਰਿਪਬਲਿਕ ਡੇ ਪਰੇਡ ਤੱਕ ਨਾਮ ਸਕੂਲ ਦਾ ਨਾਮ ਗੂੰਜਿਆ। ਇਸੇ ਦੌਰਾਨ ਸੇਠੀ ਜੀ ਦਾ ਵਿਆਹ ਸਰਕਾਰੀ ਅਧਿਆਪਕ ਲਗੀ ਸਰੋਜ ਰਾਣੀ ਨਾਲ 1985 ਵਿੱਚ ਹੋਇਆ। ਦੋ ਬੇਟਿਆਂ ਦੇ ਬਾਪ ਬਣੇ ਸੇਠੀ ਜੀ ਸਕੂਲ ਨਾਲ ਦਿਲੋਂ ਜੁੜੇ ਰਹੇ। ਜਿਵੇ ਜਿਵੇ ਸਕੂਲ ਤਰੱਕੀ ਕਰਦਾ ਰਿਹਾ ਓਵੇ ਹੀ ਸੇਠੀ ਜੀ ਆਪਣੀਆਂ ਪਰਿਵਾਰਿਕ ਜਿੰਮੇਦਾਰੀਆਂ ਨਪੇਟਦੇ ਰਹੇ। 2017 ਵਿੱਚ ਇਹ੍ਹਨਾਂ ਨੇ ਆਪਣੇ ਵੱਡੇ ਬੇਟੇ ਦਾ ਵਿਆਹ ਕੀਤਾ ਅਤੇ 29 ਮਾਰਚ 2019 ਨੂੰ ਇੱਕ ਪੋਤੀ ਦੇ ਦਾਦਾ ਵੀ ਬਣੇ। ਆਪਣੀ ਨੌਕਰੀ ਦੌਰਾਨ ਸੇਠੀ ਜੀ ਨੂੰ ਪੰਜਾਬੀ ਲਿਖਣ ਦੀ ਚਿਟਕ ਲੱਗੀ। ਹੋਲੀ ਹੋਲੀ ਇਹ੍ਹਨਾਂ ਦੀਆਂ ਕਹਾਣੀਆਂ ਅਖਬਾਰਾਂ ਵਿੱਚ ਛਪਣ ਲਗੀਆਂ। 2012 - 13 ਵਿਚ ਇਹ੍ਹਨਾਂ ਨੇ ਆਪਣਾ ਪਹਿਲਾ ਕਹਾਣੀ ਸੰਗ੍ਰਹਿ ਇੱਕ ਗੰਧਾਰੀ ਹੋਰ ਪਾਠਕਾਂ ਦੀ ਝੋਲੀ ਪਾਇਆ। ਅਗਲੇ ਸਾਲ ਹੀ ਕਰੇਲਿਆਂ ਵਾਲੀ ਅੰਟੀ ਨਾਮ ਦਾ ਦੂਸਰਾ ਕਹਾਣੀ ਸੰਗ੍ਰਹਿ ਲੋਕਾਂ ਦੇ ਹੱਥਾਂ ਵਿੱਚ ਸੀ। ਸਾਲ ਕੁ ਦੇ ਵਕਫੇ ਬਾਦ ਇਹ੍ਹਨਾਂ ਨੇ ਆਪਣੀ ਜਿੰਦਗੀ ਦੇ ਬਿਰਤਾਂਤ ਬਾਬੇ ਹਰਗੁਲਾਲ ਦੀ ਹੱਟੀ ਭਾਗ ੀ ਨਾਮਕ ਕਿਤਾਬ ਜਰੀਏ ਫਿਰ ਪਾਠਕਾਂ ਦੀ ਝੋਲੀ ਪਾਏ। ਇਥੇ ਹੀ ਬਸ ਨਹੀਂ ਹੋਈ ਫਿਰ ਇੱਕ ਸੋ ਉਂਣਜਾ ਮਾਡਲ ਟਾਊਨ ਨਾਮਕ ਕਹਾਣੀ ਸੰਗ੍ਰਹਿ ਫਿਰ ਚਰਚਾ ਵਿੱਚ ਸੀ। ਫਿਰ ਪੰਜਵੀ ਕਿਤਾਬ ਬਾਬੇ ਹਰਗੁਲਾਲ ਦੀ ਹੱਟੀ ਭਾਗ ੀੀ ਦੀ ਪਾਠਕ ਇੰਤਜ਼ਾਰ ਕਰ ਰਹੇ ਸਨ ਜੋ 2019 ਵਿਚ ਪੂਰਾ ਹੋਇਆ। ਇਸੇ ਦੌਰਾਨ ਇਹ੍ਹਨਾਂ ਦੀਆਂ ਕੋਈ ਢਾਈ ਸੌ ਦੇ ਕਰੀਬ ਰਚਨਾਵਾਂ ਦੇਸ਼ ਦੇ ਵੱਖ ਵੱਖ ਅਖਬਾਰਾਂ ਰਸਾਲਿਆਂ ਵਿੱਚ ਛਪੀਆਂ। ਇਕੱਤੀ ਮਈ 2019 ਨੂੰ ਸੇਵਾ ਮੁਕਤੀ ਦੇ ਮੌਕੇ ਤੇ ਇਹ ਦਸਦਿਆਂ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਜ਼ਿੰਦਗੀ ਦਾ ਅਗਲਾ ਪੜਾਅ ਇਹ੍ਹਨਾਂ ਨੇ ਆਪਣੀ ਪੋਤੀ ਚਾਂਦ ਸੀ ਸੌਗਾਤ ਅਤੇ ਪੰਜਾਬੀ ਮਾਂ ਬੋਲੀ ਦੇ ਲੇਖੇ ਲਾਉਣ ਦਾ ਫੈਸਲਾ ਕੀਤਾ ਹੈ। ਫੇਸ ਬੁੱਕ ਤੇ ਆਪਣੀਆਂ ਲਿਖਤਾਂ ਕਾਰਨ ਅਤੇ ਵੱਖ ਵੱਖ ਸਵਾਦੀ ਖਾਣਿਆਂ ਦੀਆਂ ਪੋਸਟਾਂ ਕਾਰਨ ਬਹੁਤ ਮਕਬੂਲ ਹਨ।" ਸਕੂਲ ਦੀ ਸੀਨੀਅਰ ਅਧਿਆਪਕ ਤੇ ਮੇਰੀ ਦੂਰ ਦੀ ਰਿਸ਼ਤੇਦਾਰ ਆਪਣੇ ਹੀ ਅੰਦਾਜ਼ ਵਿੱਚ ਸਕੂਲ ਦੀ ਕਮਿਸਟਰੀ ਲੈਬ ਵਿਚ ਬੋਲ ਰਹੀ ਸੀ। ਇਸ ਵਾਰ ਤਾੜੀਆਂ ਦੇ ਨਾਲ ਭਾਵਤਮਿਕ ਜਿਹਾ ਮਾਹੌਲ ਸੀ। ਮੈਂ ਚੁੱਪ ਸੀ।

"ਇਹ ਵਿਸ਼ਕੀ ਵਾਲੇ ਸਰ ਅਤੇ ਮੈਡਮ ਅਕਸ਼ਰ ਹੀ ਇਕੱਠੇ ਹੀ ਪਾਰਕ ਵਿੱਚ ਘੁੰਮਣ ਆਉਂਦੇ ਹਨ। ਬਿਨਾਂ ਬੈਲਟ ਬੰਨੇ ਵਿਸ਼ਕੀ ਇਹ੍ਹਨਾਂ ਦੇ ਮੂਹਰੇ ਮੂਹਰੇ ਚਲਦਾ ਹੈ। ਹਰ ਇੱਕ ਨੂੰ ਬਲਾਉਂਦੇ ਹਨ। ਮਿਲਾਪੜਾ ਸੁਭਾਅ ਹੈ ਦੋਨਾਂ ਦਾ। ਕਦੇ ਇਹ ਮੋਚੀ ਕੋਲ ਬੈਠੇ ਉਸਦਾ ਦੁੱਖ ਸੁਣ ਰਹੇ ਹੁੰਦੇ ਹਨ ਤੇ ਕਦੇ ਸੜ੍ਹਕ ਕਿਨਾਰੇ ਬੈਠੇ ਟੇਲਰ ਦਾ। ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹਨ ਅਮੀਰ ਗਰੀਬ ਦੇ ਨੇੜੇ ਹੋਣ ਦੀ ਫ਼ਿਰਾਕ ਵਿੱਚ ਰਹਿੰਦੇ ਹਨ। ਜਿਸ ਦਿਨ ਨਹੀਂ ਆਉਂਦੇ ਮੈਂ ਪਾਰਕ ਵਿਚਲੇ 105 ਨੰਬਰ ਬੈਂਚ ਵੱਲ ਹੀ ਵੇਖਦਾ ਰਹਿੰਦਾ ਹਾਂ।" ਬਰੂਨੋ ਵਾਲੇ ਬਾਊ ਜੀ ਬੋਲ ਰਹੇ ਸਨ। ਅਸੀਂ ਵੀ ਕੋਲੇ ਹੀ ਬੈਠੇ ਸਨ।

"ਤੇਰੇ ਪਾਪਾ ਦਾ ਸੁਭਾਅ ਸ਼ੁਰੂ ਤੋਂ ਹੀ ਐਸਾ ਹੈ। ਹਮੇਸ਼ਾ ਮਨਮਾਨੀਂ ਹੀ ਕਰਦੇ ਹਨ। ਪਹਿਲਾਂ ਮਾਤਾ ਦੇ ਦਿਲ ਦੀਆਂ ਸੁਣ ਲੈਂਦੇ ਪਰ ਕਿਸੇ ਨੂੰ ਕਹਿੰਦੇ ਕੁਝ ਨਾ। ਮੈਂ ਵੀ ਸ਼ਿਕਾਇਤਾਂ ਦੀ ਪਟਾਰੀ ਇਹ੍ਹਨਾਂ ਮੂਹਰੇ ਹੀ ਖੋਲ੍ਹਦੀ ਪਰ ਮਜਾਲ ਹੈ ਕਿਸੇ ਨੂੰ ਕੁਝ ਕਹਿ ਦੇਣ। ਬਹੁਤੇ ਵਾਰੀ ਗੱਲ ਆਪਣੇ ਤੇ ਲੈ ਲੈਂਦੇ। ਚਾਹ ਪੀਣੀ ਛੱਡਤੀ ਤਾਂ ਛੱਡਤੀ । ਅੰਬ ਖਾਣਾ ਛੱਡਤਾ ਛੱਡਤਾ। ਜੋ ਨਹੀਂ ਖਾਣਾ ਤਾਂ ਨਹੀਂ ਖਾਣਾ। ਪਰ ਮਿੱਠਾ ਨਹੀਂ ਛੱਡਣਾ। ਹੁਣ ਤੇਰੀ ਭੂਆਂ ਜੀ ਨਾਲ ਵੀ ਸਾਰੇ ਦੁੱਖ ਸੁੱਖ ਸਾਂਝੇ ਕਰਦੇ ਹਨ।" ਬੇਟੀ ਗਗਨ ਨਾਲੇ ਹੱਸ ਰਹੀ ਸੀ ਤੇ ਨਾਲੇ ਖੁਸ਼ ਹੋ ਰਹੀ ਸੀ। ਆਪਣੀ ਮੰਮੀ ਦੀਆਂ ਗੱਲਾਂ ਸੁਣਕੇ।

"ਸੇਠੀ ਸਾਹਿਬ ਜਦੋਂ ਵੀ ਡੱਬਵਾਲੀ ਆਉਂਦੇ ਹਨ ਸ਼ਹਿਰ ਦੇ ਉਭਰਦੇ ਨੌਜਵਾਨਾਂ ਨੂੰ ਘਰੇ ਬੁਲ-ਾਕੇ ਮਿਲਦੇ ਹਨ। ਜਿੰਨਾ ਨੇ ਜ਼ਮੀਨੀ ਪੱਧਰ ਤੋਂ ਆਪਣਾ ਜੀਵਨ ਸ਼ੁਰੂ ਕੀਤਾ ਤੇ ਅੱਜ ਬੁਲੰਦੀਆਂ ਨੂੰ ਛੂਹ ਰਹੇ ਹਨ। ਉਹਨਾਂ ਨੂੰ ਮਾਣ ਬਖਸ਼ਦੇ ਹਨ ਤੇ ਹੌਸਲਾ ਅਫਜਾਈ ਕਰਦੇ ਹਨ। ਉਹਨਾ ਨੌਜਵਾਨਾਂ ਨੂੰ ਵੇਖਕੇ ਖੁਸ਼ ਹੁੰਦੇ ਹਨ ਜੋ ਘਰੇ ਅਨਪੜ੍ਹਤਾ ਦੇ ਹੁੰਦੇ ਹੋਇਆ ਸਿੱਖਿਆ ਦੇ ਖੇਤਰ ਮੱਲਾਂ ਮਾਰ ਗਏ। ਅੱਜ ਮਾਪਿਆਂ ਨੂੰ ਉਹ ਐਸ਼ ਕਰਵਾ ਰਹੇ ਹਨ ਜਿਨ੍ਹਾਂ ਦਾ ਓਹਨਾ ਕਦੇ ਸੁਫਨਾ ਵੀ ਨਹੀਂ ਲਿਆ। ਸ਼ਹਿਰ ਦੇ ਸਮਾਜ ਸੇਵੀਆਂ ਨੂੰ ਹੌਸਲਾ ਦੇਣਾ ਅਤੇ ਚੰਗੇ ਬੰਦਿਆ ਦੀ ਸ਼ੋਸ਼ਲ ਮੀਡੀਆ ਤੇ ਪ੍ਰਸ਼ੰਸ਼ਾ ਕਰਨ ਨਾਲ ਇਹ ਪੀੜ੍ਹੀ ਇਹ੍ਹਨਾਂ ਦੀ ਫੈਨ ਹੈ। ਅਕਤੂਬਰ 2020 ਨੂੰ ਇਹਨਾਂ ਦੇ ਛੋਟੇ ਬੇਟੇ ਦੀ ਸ਼ਾਦੀ ਵੀ ਇੱਕ ਅਫਸਰ ਲੱਗੀ ਸਮਾਜ ਸੇਵੀ ਲੜਕੀ ਨਾਲ ਹੋਈ। ਤੇ ਹੁਣ ਇਹ ਇੱਕ ਤੇ ਇੱਕ ਗਿਆਰਾਂ ਬਣ ਕੇ ਸਮਾਜ ਸੇਵਾ ਲਈ ਵਿਚਰਦੇ ਹਨ।" ਸੀਨੀਅਰ ਸਿਟੀਜਨ ਦੇ ਕਲੱਬ ਵਿੱਚ ਕੋਈ ਸਮਾਜ ਸੇਵੀ ਡਾਕਟਰ ਬੋਲ ਰਿਹਾ ਸੀ।ਸ਼ਾਇਦ ਮੇਰਾ ਸਨਮਾਨ ਪੱਤਰ ਪੜ੍ਹਿਆ ਜਾ ਰਿਹਾ ਸੀ। ਲ਼ੋਕ ਤਾੜੀਆਂ ਵਜਾ ਰਹੇ ਸਨ ਤੇ ਮੈਨੂੰ ਵੇਖ ਰਹੇ ਸਨ। ਮੈ ਮੁਸਕਰਾ ਰਿਹਾ ਸੀ।

"ਲੌਕਡਾਊਨ ਦਾ ਮਤਲਬ ਇਹ ਨਹੀਂ ਹੁੰਦਾ ਕਿ ਬੰਦਾ ਸੁੱਤਾ ਹੀ ਰਹੇ। ਦੋ ਵੱਜ ਗਏ। ਰੋਟੀ ਖਾ ਲੋ।" ਪੂਰੇ ਜਿਸਮ ਨੂੰ ਹਲੂਣਦੀ ਇੱਕ ਕੜ੍ਹਕ ਆਵਾਜ਼ ਨੇ ਮੈਨੂੰ ਜਗਾ ਦਿੱਤਾ। ਸਾਹਮਣੇ ਲੱਗੇ ਡਿਜੀਟਲ ਕਲੋਕ ਤੇ ਤਿੰਨ ਬਿਆਲੀ ਵੱਜੇ ਹੋਏ ਸਨ। ਅੱਖਾਂ ਜਿਹੀਆਂ ਮਲਦਾ ਮੈਂ ਉਠਿਆ ਤੇ ਉਹ ਸਾਹਮਣੇ ਖੜੀ ਸੀ। ਨਾ ਕੋਈ ਸਟੇਜ ਸੀ ਨਾ ਕੋਈ ਮਾਇਕ ਤੇ ਨਾ ਹੀ ਕੋਈ ਬੁਲਾਰਾ ਸੀ।

ਸੁਫ਼ਨੇ ਵੀ ਬੰਦੇ ਨੂੰ ਕਿੱਥੇ ਕਿੱਥੇ ਲੈ ਜਾਂਦੇ ਹਨ। ਕੀ ਕੀ ਦਿਖਾ ਦਿੰਦੇ ਹਨ ਜੋ ਉਸ ਕਦੇ ਸੋਚਿਆ ਵੀ ਨਹੀਂ ਹੁੰਦਾ। ਪਰ ਕਹਿੰਦੇ ਬੰਦਾ ਅਕਸ਼ਰ ਹੀ ਸੁਫਨਿਆਂ ਨੂੰ ਭੁੱਲ ਜਾਂਦਾ ਹੈ। ਪਰ ਮੈਂ ਇਸ ਸੁਫ਼ਨੇ ਨੂੰ ਕਲਮਬੰਦ ਕਰਨ ਦਾ ਫੈਸਲਾ ਕੀਤਾ। ਤਾਂਕਿ ਸਨਦ ਰਹੇ।



**ਰਮੇਸ਼ ਸੇਠੀ ਬਾਦਲ**
**ਸਾਬਕਾ ਸੁਪਰਡੈਂਟ।**

# ਸੰਗਰੂਰ "ਚ ਪੱਕੇ ਵਾਅਦੇ ਅਨੁਸਾਰ ਵੀ ਪ੍ਰਾਈਵੇਟ ਅਦਾਰਿਆਂ ਤੇ ਦੁਕਾਨਾਂ ਦੇ ਬੋਰਡ ਪੰਜਾਬੀ ਵਿੱਚ ਨਾ ਕਰਾਉਣ ਤੇ ਕਿਰਤ ਵਿਭਾਗ ਦੀ ਲਾਪਰਵਾਹੀ - ਰਮੇਸ਼ਵਰ ਸਿੰਘ

**ਸੰਗਰੂਰ, 3 ਅਪ੍ਰੈਲ ( ਬਲਦੇਵ ਸਿੰਘ ਜਨੂਹਾ):–ਪੰ**ਜਾਬ ਸਰਕਾਰ ਨੇ 24 ਮਾਰਚ 2023 ਨੂੰ ਪੱਤਰ ਜਾਰੀ ਕੀਤਾ ਸੀ ਕਿ ਪ੍ਰਾਈਵੇਟ ਅਦਾਰਿਆਂ ਤੇ ਦੁਕਾਨਾਂ ਨੂੰ ਆਪਣੇ ਬੋਰਡ ਪੰਜਾਬੀ ਵਿੱਚ ਲਿਖਣੇ ਜ਼ਰੂਰੀ ਹਨ ਜੇ ਸਰਕਾਰੀ ਹਦਾਇਤਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਦੇ ਅਧੀਨ ਜੁਰਮਾਨਾ ਦੇਣਾ ਪਵੇਗਾ ਤਿੰਨ ਸਾਲ ਬੀਤ ਗਏ ਤਾਂ ਸੰਗਰੂਰ ਜ਼ਿਲ੍ਹੇਵਿੱਚ ਵੇਖਿਆ ਕਿ ਇਹ ਕਾਨੂੰਨੀ ਨੋਟਿਸ ਦਾ ਕਿਤੇ ਵੀ ਅਸਰ ਹੋਇਆ ਦਿਖਾਈ ਨਹੀਂ ਦੇ ਰਿਹਾ ਤਾਂ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਸਹਾਇਕ ਕਿਰਤ ਕਮਿਸ਼ਨਰ ਵਿਭਾਗ ਜ਼ਿਲ੍ਹ ਸੰਗਰੂਰ ਨੂੰ ਕਾਨੂੰਨ ਦੇ ਆਧਾਰ ਤੇ ਅਰਜ਼ੀ ਦਿੱਤੀ ਤਾਂ ਉਨ੍ਹਾਂ ਨੇ ਅਰਜ਼ੀ ਸਤਿਕਾਰ ਨਾਲ ਪ੍ਰਵਾਨ ਕੀਤੀ ਤੇ ਪੱਕਾ ਵਾਅਦਾ ਕੀਤਾ ਕਿ ਬਹੁਤ ਜਲਦੀ ਸਰਕਾਰੀ ਹਦਾਇਤਾਂ ਅਨੁਸਾਰ ਪ੍ਰਾਈਵੇਟ ਅਦਾਰਿਆਂ ਤੇ ਦੁਕਾਨਾਂ ਦੇ ਬੋਰਡ ਪੰਜਾਬੀ ਵਿੱਚ ਕਰਵਾ ਦਿੱਤੇ ਜਾਣਗੇ ਇਸ ਸਬੰਧੀ ਅਖਬਾਰਾਂ ਵਿੱਚ ਖ਼ਬਰ ਵੀ ਛਪੀ ਸੀ। ਮਾਲਵਾ ਲਿਖਾਰੀ ਸਭਾ ਵੱਲੋਂ ਉਹਨਾਂ ਦੇ ਮੈਂਬਰ ਰਮੇਸ਼ਵਰ ਸਿੰਘ ਨੇ ਕਮਿਸ਼ਨਰ ਕਿਰਤ ਵਿਭਾਗ ਪੰਜਾਬ ਨੂੰ ਉਹ ਚਿੱਠੀ ਵੀ ਬੇਨਤੀ ਦੇ ਰੂਪ ਵਿੱਚ ਭੇਜੀ ਤਾਂ ਉਨਾਂ ਨੇ ਸਹਾਇਕ ਕਿਰਤ ਕਮਿਸ਼ਨਰ ਨੂੰ 23 ਜਨਵਰੀ ਨੂੰ ਚਿੱਠੀ ਲਿਖੀ ਕਿ 15 ਦਿਨਾਂ ਦੇ ਅੰਦਰ ਕਾਰਵਾਈ ਕੀਤੀ ਜਾਵੇ ਉਸ ਚਿੱਠੀ ਦੀ ਕਾਪੀ ਮਾਲਵਾ ਲਿਖਾਰੀ ਸਭਾ ਨੂੰ ਵੀ ਭੇਜੀ ਗਈ। ਇਹ ਖ਼ਬਰ ਮੈਂ ਵੀ ਅਖਬਾਰ ਵਿੱਚ ਪੜੀ ਸੀ ਤੇ ਅੱਜ ਪੂਰੇ ਸੰਗਰੂਰ ਸ਼ਹਿਰ ਤੇ ਕੱਲ੍ਹ ਧੂਰੀ ਸ਼ਹਿਰ ਵਿੱਚ ਪੂਰਾ ਗੇੜਾ ਲਗਾਇਆ ਤੇ ਵੇਖਿਆ ਕਿ ਇਹ ਕਾਨੂੰਨ ਕਿਰਤ ਵਿਭਾਗ ਦੇ ਕੀਤੇ ਵਾਅਦੇ ਦਾ ਕੁਛ ਵੀ ਨਹੀਂ ਹੋਇਆ ਸਾਰੇ ਬੋਰਡ ਅੰਗਰੇਜ਼ੀ ਵਿੱਚ ਚਮਕ ਰਹੇ ਹਨ। ਇਸ ਸਬੰਧੀ ਮੈਂ ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖਮੀ ਜੀ ਨਾਲ ਰਾਬਤਾ ਕੀਤਾ ਤੇ ਜਾਂ ਕੇ ਉਨ੍ਹਾਂ ਨੂੰ ਕਮਿਸ਼ਨਰ ਕਿਰਤ ਵਿਭਾਗ ਵੱਲੋਂ ਆਈ ਚਿੱਠੀ ਵੇਖੀ। ਉਸ ਵਿੱਚ 15 ਦਿਨ ਦਾ ਵਾਅਦਾ ਕੀਤਾ 23 ਜਨਵਰੀ ਦਾ ਲਿਖਿਆ ਹੋਇਆ ਹੁਣ ਤਾਂ ਤਿੰਨ ਅਪ੍ਰੈਲ ਹੋਇਆ ਪਿਆ ਹੈ। ਉਨ੍ਹਾਂ ਨੇ ਕਿਹਾ ਅਸੀਂ ਤਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਦੇ ਆਏ ਹਾਂ ਤੇ ਇਸ ਨੂੰ ਮੁੱਖ ਰੱਖਦੇ ਹੋਏ ਹੀ ਅਸੀਂ ਸਾਰੇ ਮੈਂਬਰਾਂ ਨੇ ਜਾ ਕੇ ਸਹਾਇਕ ਕਿਰਤ ਕਮਿਸ਼ਨਰ ਸਾਹਿਬ ਨੂੰ ਚਿੱਠੀ ਦਿੱਤੀ ਸੀ, ਉਨ੍ਹਾਂ ਨੇ ਕਿਹਾ ਅਸੀਂ ਤਾਂ ਚਿੱਠੀ ਹੀ ਲਿਖ ਸਕਦੇ ਹਾਂ ਬਾਕੀ ਤੁਸੀਂ ਮੀਡੀਆ ਰਾਹੀਂ ਕਿਰਤ ਵਿਭਾਗ ਤੋਂ ਜਵਾਬ ਮੰਗੋ। ਮਾਲਵਾ ਲਿਖਾਰੀ ਸਭਾ ਰਜਿ ਨੇ ਆਪਣੇ ਪੱਤਰ ਵਿੱਚ ਦਰਸਾਇਆ ਹੈ ਕਿ ਜ਼ਮੀਨੀ ਹਕੀਕਤ ਇਸਦੇ ਉਲਟ ਹੈ। ਸੰਗਰੂਰ ਜ਼ਿਲ੍ਹੇ ਦੇ ਬਹੁਤ ਸਾਰੇ ਨਿੱਜੀ ਦਫ਼ਤਰਾਂ ਅਤੇ ਦੁਕਾਨਾਂ ਦੇ ਬੋਰਡ ਅੱਜ ਵੀ ਕੇਵਲ ਅੰਗਰੇਜ਼ੀ ਵਿੱਚ ਹੀ ਲਿਖੇ ਹੋਏ ਹਨ। ਕਿਰਤ ਵਿਭਾਗ ਵੱਲੋਂ ਨਾ ਤਾਂ ਕਿਸੇ ਤਰ੍ਹਾਂ ਦੀ ਜਾਂਚ ਮੁਹਿੰਮ ਚਲਾਈ ਗਈ ਹੈ ਅਤੇ ਨਾ ਹੀ ਕਿਸੇ ਅਦਾਰੇ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ।ਸਭਾ ਨੇ ਇਸ ਨੂੰ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਲਈ ਇੱਕ ਵੱਡੀ ਰੁਕਾਵਟ ਕਰਾਰ ਦਿੰਦਿਆਂ ਕਿਹਾ ਕਿ ਜੇ ਸਰਕਾਰ ਦੀਆਂ ਨੀਤੀਆਂ ਨੂੰ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ ਤਾਂ ਉਹ ਕਾਗਜ਼ੀ ਹੁਕਮ ਹੀ ਬਣ ਕੇ ਰਹਿ ਜਾਂਦੀਆਂ ਹਨ । ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਇਸਦਾ ਸਨਮਾਨ ਹਰ ਪੱਧਰ 'ਤੇ ਯਕੀਨੀ ਬਣਾਉਣਾ ਸਰਕਾਰ ਅਤੇ ਸੰਬੰਧਿਤ ਵਿਭਾਗਾਂ ਦੀ ਜ਼ਿੰਮੇਵਾਰੀ ਹੈ ।ਲਿਖਾਰੀ ਸਭਾ ਨੇ ਤਿੰਨ ਚਾਰ ਵਾਰ ਦੁਬ-ਾਰਾ ਸਹਿ ਕਿਰਤ ਕਮਿਸ਼ਨਰ ਜੀ ਨੂੰ ਚਿੱਠੀ ਲਿਖੀ ਹੈ ਉਹ ਉਨ੍ਹਾਂ ਸਾਰੀਆਂ ਚਿੱਠੀਆਂ ਦੀ ਕਾਪੀ ਮੁੱਖ ਕਮਿਸ਼ਨਰ ਕਿਰਤ ਵਿਭਾਗ ਨੂੰ ਵੀ ਭੇਜੀ ਗਈ ਹੈ।ਸਹਾਇਕ ਕਮਿਸ਼ਨਰ ਕਿਰਤ ਵਿਭਾਗ ਸੰਗਰੂਰ ਨੂੰ ਅਪੀਲ ਕੀਤੀ ਹੈ ਕਿ ਤੁਰੰਤ ਕਾਰਵਾਈ ਕਰਦਿਆਂ ਜ਼ਿਲ੍ਹੇ ਦੇ ਸਾਰੇ ਨਿੱਜੀ ਅਦਾਰਿਆਂ ਦੇ ਬੋਰਡਾਂ ਦੀ ਜਾਂਚ ਕੀਤੀ ਜਾਵੇ ਅਤੇ ਜਿੱਥੇ ਵੀ ਹੁਕਮਾਂ ਦੀ ਉਲੰਘਣਾ ਹੋ ਰਹੀ ਹੈ, ਉੱਥੇ ਕਾਨੂੰਨੀ ਕਾਰਵਾਈ ਕੀਤੀ ਜਾਵੇ । ਇਸਦੇ ਨਾਲ ਹੀ ਅਦਾਰਿਆਂ ਨੂੰ ਪੰਜਾਬੀ ਭਾਸ਼ਾ ਵਿੱਚ ਬੋਰਡ ਲਿਖਣ ਲਈ ਪ੍ਰੇਰਿਤ ਅਤੇ ਬਚਨਵੱਧ ਕੀਤਾ ਜਾਵੇ। ਸਹਾਇਕ ਕਮਿਸ਼ਨਰ ਕਿਰਤ ਵਿਭਾਗ ਨੇ ਚਿੱਠੀ ਭੇਜੀ ਸੀ ਕਿ ਅਸੀਂ ਦੁਕਾਨਾਂ ਵਾਲਿਆਂ ਨੂੰ ਹਦਾਇਤਾਂ ਕੀਤੀਆਂ ਹਨ ਫਿਰ ਜੋ ਉਨ੍ਹਾਂ ਦੀਆਂ ਹਦਾਇਤਾਂ ਨਹੀਂ ਮੰਨੀਆਂ ਤਾਂ ਬਣਦੀ ਪ੍ਰਬੰਧਕੀ ਕਾਰਵਾਈ ਕਰਨੀ ਚਾਹੀਦੀ ਹੈ। ਸਹਾਇਕ ਕਮਿਸ਼ਨਰ ਕਿਰਤ ਵਿਭਾਗ ਸੰਗਰੂਰ ਵੱਲੋਂ ਜੋ ਦੁਕਾਨਾਂ ਦੇ ਬੋਰਡਾਂ ਦੀਆਂ ਫੋਟੋਆਂ ਭੇਜੀਆਂ ਗਈਆਂ ਸਨ ਉਹ ਤਾਂ ਪਹਿਲਾਂ ਹੀ ਪੰਜਾਬੀ ਵਿੱਚ ਸਨ ਉਹ ਸਾਡਾ ਮੂੰਹ ਬੰਦ ਕਰਾਉਣ ਲਈ ਇੱਕ ਬੁਰਕੀ ਭੇਜੀ ਸੀ। ਅਸਲੀਅਤ ਕੀ ਹੈ ਇੱਕ ਪੱਤਰਕਾਰ ਹੋਣ ਦੇ ਨਾਤੇ ਮੈਂ ਇੱਕ ਹਫਤੇ ਤੋਂ ਸੰਗਰੂਰ ਸ਼ਹਿਰ ਵਿੱਚ ਵੇਖ ਰਿਹਾ ਹਾਂ ਤੇ ਧੂਰੀ ਜਾਣਾ ਪਿਆ ਤੇ ਜੋ ਫੋਟੋਂ ਲਿਆਂਦੀਆਂ ਹਨ ਉਹ ਤੁਹਾਨੂੰ ਭੇਜੀਆਂ ਜਾ ਰਹੀਆਂ ਹਨ, ਇਹ ਫੋਟੋਆਂ ਜੋ ਤੁਸੀਂ ਮਾਲਵਾ ਲਿਖਾਰੀ ਨੂੰ ਜੋ ਚਿੱਠੀ ਲਿਖੀ ਸੀ ਉਸ ਦਾ ਮੂੰਹ ਚੜਾਉਂਦੀਆਂ ਹਨ। ਕਿਰਤ ਵਿਭਾਗ ਵੱਲੋ ਇਸ ਪਾਸੇ ਧਿਆਨ ਦਿੱਤਾ ਗਿਐ ਜਾਂ ਨਹੀਂ ਇਸ ਬਾਬਤ ਮਾਂ ਬੋਲੀ ਪੰਜਾਬੀ ਭਾਸ਼ਾ ਪ੍ਰੇਮੀ ਸ੍ਰੀ ਰਮੇਸ਼ਵਰ ਸਿੰਘ ਨੂੰ ਸੂਚਨਾ ਦੇ ਅਧਿਕਾਰ ਐਕਟ ਤਹਿਤ ਹਵਾਲਾ ਭੇਜਿਆ ਗਿਆ । ਜਿਸਦਾ ਜਿਕਰ ਕਰਦਿਆਂ ਰਮੇਸ਼ਵਰ ਸਿੰਘ ਨੇ ਕਿਹਾ ਕਿ ਕਿਰਤ ਵਿਭਾਗ ਪੰਜਾਬ ਦਫਤਰ ਸੰਗਰੂਰ ਪੰਜ਼ਾਬ ਸਰਕਾਰ ਵਲੋਂ ਪੰਜਾਬੀ ਭਾਸ਼ਾ ਲਗੂ ਦੇ ਹੁਕਮਾਂ ਲਈ ਕਤਈ ਸੁਹਿਰਦ ਨਹੀਂ ਸੰਗਰੂਰ ਅੰਦਰ ਅਤੇ ਆਲੇ ਦੁਆਲੇ ਚਲਦੇ ਕਾਰੋਬਾਰੀ ਨਿੱਜੀ ਅਦਾਰਿਆਂ ਤੇ ਦੁਕਾਨਾਂ ਅੱਜ ਵੀ ਪੰਜਾਬੀ ਭਾਸ਼ਾ ਵਿੱਚ ਬੋਰਡ , ਸਾਈਨ ਬੋਰਡ ਨਹੀਂ ਲੱਗੇ ਉਨ੍ਹਾਂ ਦੀ ਆਪਣੀ ਗਲੀ ਜੋ ਸੁਨਾਮੀ ਗੇਟ ਸੰਗਰੂਰ ਸੁਰਿੰਦਰ ਦੀ ਹੱਟੀ ਦੇ ਸਾਹਮਣੇ ਹੈ ਉਸਦੀਆਂ ਵਿਚਲੀਆਂ ਦਰਜਣਾ ਦੁਕਾਨਾਂ ਦੇ ਬੋਰਡ ਸੱਚ ਜਾਂ ਝੂਠ ਬੋਲ ਰਹੇ ਹਨ ਆ ਕੇ ਵੇਖ ਲਵੋ। ਭਾਸ਼ਾ ਪ੍ਰੇਮੀ ਸ੍ਰੀ ਰਮੇਸ਼ਵਰ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਆਪਣੇ ਹੁਕਮਾਂ ਨੂੰ ਲਗੂ ਕਰਵਾਉਣ ਲਈ ਕਿਰਤ ਵਿਭਾਗ ਨੂੰ ਸਖ਼ਤ ਕਾਨੂੰਨ ਦੀ ਪ੍ਰਬੰਧਕੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਸਾਨੂੰ ਦੁਬਾਰਾ ਚਿੱਠੀ ਨਾ ਲਿਖਣੀ ਪਵੇ ਅਸੀਂ ਤੁਹਾਡਾ ਧੰਨਵਾਦ ਕਰਨ ਲਈ ਤੁਹਾਡੇ ਦਫਤਰ ਆਈਏ ਤੇ ਸਾਰੇ ਪੰਜਾਬ ਲਈ ਇੱਕ ਉਧਾਰਨ ਅਖਬਾਰਾਂ ਰਾਹੀਂ ਪੇਸ਼ ਕਰਕੇ ਦਿਖਾਈਏ ਕਿ ਸਹਾਇਕ ਕਿਰਤ ਵਿਭਾਗ ਸੰਗਰੂਰ ਨੇ ਮਾਂ ਬੋਲੀ ਪੰਜਾਬੀ ਦਾ ਮਾਣ ਵਧਾਇਆ ਹੈ।








ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)
Regd. No. DIC/DRA/ 8810 OF 2015

ਕਰਮ ਸਿੰਘ ਜ਼ਖ਼ਮੀ, ਪ੍ਰਧਾਨ, 98146-28027
ਰਜਿੰਦਰ ਸਿੰਘ ਰਾਜਨ, ਜਨਰਲ ਸਕੱਤਰ, 98761-84954
ਜਗਜੀਤ ਸਿੰਘ ਲੱਡਾ, ਖਜ਼ਾਨਚੀ, 98555-31045
E-mail : malwalikharisabha@gmail.com

ਨੰਬਰ....2855/32.......  ਮਿਤੀ....3/12/25........

ਸੇਵਾ ਵਿਖੇ,

ਸਹਾਇਕ ਕਮਿਸ਼ਨਰ ਕਿਰਤ ਵਿਭਾਗ,
ਸੰਗਰੂਰ।


ਵਿਸ਼ਾ: ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੰਗਰੂਰ ਜ਼ਿਲ੍ਹੇ ਵਿੱਚ ਸਥਿਤ ਨਿੱਜੀ ਅਦਾਰਿਆਂ ਦੇ ਬੋਰਡਾਂ 'ਤੇ ਪੰਜਾਬੀ ਲਿਖਵਾਉਣ ਸੰਬੰਧੀ
ਸ੍ਰੀਮਾਨ ਜੀ,

ਸਾਨੂੰ ਆਪ ਜੀ ਦੇ ਧਿਆਨ ਵਿੱਚ ਇਹ ਲਿਆਉਣ ਵਿੱਚ ਖੁਸ਼ੀ ਪ੍ਰਾਪਤ ਹੋ ਰਹੀ ਹੈ ਕਿ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਕਰੀਬ ਡੇਢ ਦਹਾਕਾ ਪੁਰਾਣੀ ਸੰਸਥਾ ਹੈ। ਇਸ ਸੰਸਥਾ ਦਾ ਮੁੱਖ ਉਦੇਸ਼ ਪੰਜਾਬੀ ਭਾਸ਼ਾ ਅਤੇ ਸਾਹਿਤ ਨੂੰ ਵਿਕਸਿਤ ਕਰਨਾ ਹੈ। ਆਪਣੀ ਸਥਾਪਨਾ ਵਾਲੇ ਦਿਨ ਤੋਂ ਹੀ ਇਸ ਸੰਸਥਾ ਆਪਣੇ ਇਸ ਉਦੇਸ਼ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੈ।
ਪੰਜਾਬੀ ਭਾਸ਼ਾ ਦੇ ਵਿਕਾਸ ਨਾਲ ਸਬੰਧਿਤ ਸੰਸਥਾਵਾਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਮਿਤੀ 24.3.2023 ਨੂੰ ਇੱਕ ਅਧੀਸੂਚਨਾ ( ਨੰਬਰ GSR 31/P.A.15/1958/S.34/Amd.(6)/2023 ਜਾਰੀ ਕਰਕੇ ਪੰਜਾਬ ਵਿੱਚ ਸਥਿਤ ਨਿੱਜੀ ਅਦਾਰਿਆਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਆਪਣੇ ਨਾਵਾਂ ਵਾਲੇ ਬੋਰਡਾਂ ਦੇ ਸਭ ਤੋਂ ਉੱਪਰ ਆਪਣੇ ਅਦਾਰੇ ਦਾ ਨਾਂ ਪੰਜਾਬੀ ਭਾਸ਼ਾ ਵਿੱਚ ਲਿਖਣ। ਇਸ ਅਧੀਸੂਚਨਾ ਰਾਹੀਂ ਇਹ ਵਿਵਸਥਾ ਵੀ ਕੀਤੀ ਗਈ ਸੀ ਕਿ ਜੋ ਅਦਾਰਾ ਇਸ ਹੁਕਮ ਦੀ ਪਾਲਣਾ ਨਹੀਂ ਕਰੇਗਾ ਉਸ ਨੂੰ ਜੁਰਮਾਨਾ ਭਰਨਾ ਪਵੇਗਾ।
ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਹੁਕਮ ਨੂੰ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਕਿਰਤ ਵਿਭਾਗ ਨੂੰ ਸੌਂਪੀ ਹੈ
ਪਰ ਖੇਦ ਹੈ ਕਿ ਕਿਰਤ ਵਿਭਾਗ ਵੱਲੋਂ, ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਲੱਗੀ ਆਪਣੀ ਇਹ ਜ਼ਿੰਮੇਵਾਰੀ ਤਨਦੇਹੀ ਨਾਲ ਨਹੀਂ ਨਿਭਾਈ ਜਾ ਰਹੀ। ਸੰਸਥਾ ਦੇ ਧਿਆਨ ਵਿੱਚ ਆਇਆ ਕਿ ਅੱਜ ਤੱਕ ਕਿਰਤ ਵਿਭਾਗ ਵੱਲੋਂ ਕਦੇ ਵੀ ਨਿੱਜੀ ਅਦਾਰਿਆਂ ਦੇ ਬੋਰਡਾਂ ਦੀ ਪੜਤਾਲ ਨਹੀਂ ਕੀਤੀ ਗਈ ਅਤੇ ਨਾ ਹੀ ਕਿਸੇ ਕਸੂਰਵਾਰ ਅਦਾਰੇ ਨੂੰ ਜੁਰਮਾਨਾ ਕੀਤਾ ਗਿਆ ਹੈ। ਸਿੱਟੇ ਵਜੋਂ ਸੰਗਰੂਰ ਜ਼ਿਲ੍ਹੇ ਦੇ ਬਹੁਤੇ ਨਿੱਜੀ ਅਦਾਰਿਆਂ ਵੱਲੋਂ ਆਪਣੇ ਬੋਰਡ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਲਿਖੇ ਹੋਏ ਹਨ।
ਇਸ ਪੱਤਰ ਰਾਹੀਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਆਪਣੀ ਇਸ ਜ਼ਿੰਮੇਵਾਰੀ ਵੱਲ ਧਿਆਨ ਦੇਵੋ। ਨਿੱਜੀ ਅਦਾਰਿਆਂ ਨੂੰ ਇਸ ਹੁਕਮ ਦੀ ਪਾਲਣਾ ਲਈ ਮਜਬੂਰ ਕਰੋ। ਜੋ ਕੋਈ ਅਦਾਰਾ ਇਸ ਹੁਕਮ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਨੂੰ ਕਾਨੂੰਨ ਅਨੁਸਾਰ ਜੁਰਮਾਨੇ ਕਰੋ ਜੀ, ਤਾਂ ਜੋ ਪੰਜਾਬ ਸਰਕਾਰ ਦੀ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਨੀਤੀ ਅਮਲੀ ਰੂਪ ਵਿੱਚ ਲਾਗੂ ਹੋ ਸਕੇ।

ਧੰਨਵਾਦ ਸਹਿਤ
ਆਪ ਜੀ ਦੇ ਸ਼ੁਭਚਿੰਤਕ,

ਉਤਾਰਾ:
1. ਮੁੱਖ ਮੰਤਰੀ ਸਾਹਿਬ ਪੰਜਾਬ
2. ਕਮਿਸ਼ਨਰ ਕਿਰਤ ਵਿਭਾਗ ਪੰਜਾਬ ਸਰਕਾਰ
3. ਡਿਪਟੀ ਕਮਿਸ਼ਨਰ ਸੰਗਰੂਰ

ਦਫ਼ਤਰ ਦਾ ਪਤਾ : ਲੇਖਕ ਭਵਨ, ਗੁਰੂ ਗੋਬਿੰਦ ਸਿੰਘ ਨਗਰ, ਗਲੀ ਨੰ: 2, ਪਿੱਛੇ ਸਰਕਾਰੀ ਪ੍ਰਾਇਮਰੀ ਸਕੂਲ, ਹਰੇੜੀ ਰੋਡ, ਸੰਗਰੂਰ-148001
1/1



[Email: supdt.dispute2.lab@punjab.gov.in , lc@punjab.gov.in]
ਕਿਰਤ ਵਿਭਾਗ, ਪੰਜਾਬ
ਦਫ਼ਤਰ ਕਿਰਤ ਕਮਿਸ਼ਨਰ, ਪੰਜਾਬ
ਮਾਡਲ ਵੈਲਫੇਅਰ ਸੈਂਟਰ (ਕਿਰਤ ਭਵਨ) ਸੈਕਟਰ-64, ਫੇਜ਼-10, ਐਸ.ਏ.ਐਸ ਨਗਰ।
(ਵਿਵਾਦ ਤੇ ਲਾਗੂ ਸ਼ਾਖਾ)

ਸੇਵਾ ਵਿਖੇ,  ਈ.ਮੇਲ ਰਾਹੀਂ

ਸਹਾਇਕ ਕਿਰਤ ਕਮਿਸ਼ਨਰ,
ਸੰਗਰੂਰ।

ਨੰ.(ਵ/ਲ-2)/E-1045721/I/1299608/2026
ਮਿਤੀ, ਐਸ.ਏ.ਐਸ ਨਗਰ: 23-01-2026

ਵਿਸ਼ਾ:- Reg.-Exhibition of Name Board.

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸ੍ਰੀ ਰਮੇਸ਼ਵਰ ਸਿੰਘ ਸੁਨਾਮੀ ਗੇਟ ਸੰਗਰੂਰ, ਮਾਲਵਾ ਲਿਖਾਰੀ ਸਭਾ ਰਜਿਸਟਰ ਸੰਗਰੂਰ ਵੱਲੋਂ ਈ.ਮੇਲ ਰਾਹੀਂ ਪ੍ਰਾਪਤ ਪ੍ਰਤੀਬੇਨਤੀ ਦੀ ਫੋਟੋਕਾਪੀ ਇਸ ਪੱਤਰ ਨਾਲ ਨੱਥੀ ਕਰਕੇ ਆਪਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਰਕਾਰ ਵੱਲੋਂ Exhibition of Name Board ਦੇ ਸਬੰਧ ਵਿੱਚ ਪੰਜਾਬ ਸ਼ਾਪਸ ਐਂਡ ਕਮਰਸ਼ੀਅਲ ਐਸਟੈਬਲਿਸ਼ਮੈਂਟਸ ਐਕਟ, 1958 ਅਧੀਨ ਜਾਰੀ ਅਧਿਸੂਚਨਾ ਮਿਤੀ 24.03.2023 ਦੀ implementation ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਰਿਪੋਰਟ 15 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

2. ਇਹ ਪੱਤਰ ਕਿਰਤ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਗਿਆ ਹੈ।

KULWANT KAUR
SUPERINTENDENT GRADE-I

ਪਿੱਠ ਅੰਕਣ ਨੰ.(ਵ/ਲ-2)/E-1045721/I/1299608/2026(1) ਮਿਤੀ 23-01-2026
ਇਸ ਦਾ ਇੱਕ ਉਤਾਰਾ ਸ੍ਰੀ ਰਮੇਸ਼ਵਰ ਸਿੰਘ ਸੁਨਾਮੀ ਗੇਟ ਸੰਗਰੂਰ, ਮਾਲਵਾ ਲਿਖਾਰੀ ਸਭਾ ਰਜਿਸਟਰ ਸੰਗਰੂਰ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

KULWANT KAUR
SUPERINTENDENT GRADE-I
















# ਰੁੱਖਾਂ ਦੇ ਪੱਤੇ ਹਰੇ ਕਿਉਂ ? (ਬੱਚਿਆਂ ਲਈ ਜਾਣਕਾਰੀ)

ਚਿੱਟੀਆਂ ਕਪਾਹ ਦੀਆਂ ਫੁੱਟੀਆਂ,ਪੱਤ ਹਰੇ ਹਰੇ, ਆਖ ਨੀਂ ਨਨਾਣੇ ਤੇਰੇ ਵੀਰ ਨੂੰ, ਕਦੇ ਤਾਂ ਭੈੜਾ ਹੱਸਿਆ ਕਰੇ। ਰੁੱਖ ਤੇ ਪੌਦੇ ਵੀ ਜਾਨਵਰਾਂ ਵਾਂਗ ਵਧਦੇ ਫੁਲਦੇ ਹਨ ਅਤੇ ਉਗਦੇ ਹਨ। ਵਿਕਾਸ ਲਈ ਭੋਜਨ ਜਰੂਰੀ ਹੈ। ਰੁੱਖ ਅਤੇ ਪੌਦੇ ਕਲੋਰੋਫਿਲ ਵਰਗੇ ਹਿੱਸੇ ਤੋਂ ਆਪਣਾ ਭੋਜਨ ਬਣਾਉਂਦੇ ਹਨ।ਕਰੋਲੋਰੋਫਿਲ ਕਰਕੇ ਹੀ ਪੱਤਿਆਂ ਦਾ ਰੰਗ ਹਰਾ ਹੁੰਦਾ ਹੈ। ਦਰਅਸਲ ਪੌਦੇ ਸੂਰਜ ਤੋਂ ਧੁੱਪ ਅਤੇ ਰੋਸ਼ਨੀ ਦੀ ਊਰਜਾ ਲੈਂਦੇ ਹਨ। ਫਿਰ ਇਸ ਭੰਡਾਰ ਕੀਤੀ ਊਰਜਾ ਨੂੰ ਆਪਣੇ ਭੋਜਨ ਦੇ ਤੌਰ ਤੇ ਵਰਤਦੇ ਹਨ। ਪੱਤਿਆਂ ਵਿੱਚ ਪਾਏ ਜਾਣ ਵਾਲੇ ਕੁਝ ਭਾਗ ਪ੍ਰਕਾਸ਼ ਊਰਜਾ ਨੂੰ ਭੋਜਨ ਬਣਾਉਣ ਵਿੱਚ ਮਦਦ ਕਰਦੇ ਹਨ। ਅਜਿਹੇ ਹਿੱਸਿਆਂ ਵਿੱਚ ਕਲੋਰੋਫਿਲ ਅੰਸ਼ ਹੁੰਦਾ ਹੈ। ਕਲੋਰੋਫਿਲ ਜ਼ਿਆਦਾਤਰ ਰੁੱਖਾਂ ਦੀ ਭੋਜਨ ਬਣਾਉਣ ਦੀ ਪ੍ਰਕਿਰਿਆ ਵਿੱਚ ਪ੍ਰਮੁੱਖ ਭੂਮਿਕਾ ਅਦਾ ਕਰਦਾ ਹੈ। ਇਸ ਨੂੰ ਫੋਟੋਸਿੰਥੈਸਿਸ (ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ) ਕਿਹਾ ਜਾਂਦਾ ਹੈ। ਕਲੋਰੋਫਿਲ ਦਾ ਰੰਗ ਹਰਾ ਹੁੰਦਾ ਹੈ। ਕਲੋਰੋਫਿਲ ਦੀ ਮਦਦ ਨਾਲ ਸੂਰਜ ਦੀ ਰੋਸ਼ਨੀ ਤੋਂ ਪੋਸ਼ਣ ਵੱਧਦਾ ਹੈ। ਕਲੋਰੋਫਿਲ ਪੱਤਿਆਂ ਵਿੱਚ ਅਪਣੀ ਮੌਜੂਦਗੀ ਹਰੇ ਰੰਗ ਦੇ ਰੂਪ ਵਿੱਚ ਦਰਸਾਉਂਦਾ ਹੈ।ਇਹ ਕਲੋਰੋਫਿਲ ਪੌਦਿਆਂ ਨੂੰ ਭੋਜਨ ਦੇ ਉਤਪਾਦਨ ਵਿੱਚ ਸਭ ਤੋਂ ਵੱਧ ਮੱਦਦ ਕਰਦਾ ਹੈ। ਧੁੱਪ ਦੀ ਅਣਹੋਂਦ ਦੇ ਨਤੀਜੇ ਵਜੋਂ ਪੱਤੇ ਵਿੱਚ ਹੋਰ ਭਾਗ, ਜੋ ਪੀਲੇ ਰੰਗ ਦੇ ਹੁੰਦੇ ਹਨ ਉਹਨਾਂ ਵਿੱਚ ਵਾਧਾ ਹੁੰਦਾ ਹੈ। ਸੂਰਜ ਦੀ ਰੋਸ਼ਨੀ ਦੀ ਘਾਟ ਕਰਕੇ ਪੱਤੇ ਪੀਲੇ ਪੈ ਜਾਂਦੇ ਹਨ। ਕੁੱਝ ਰੁੱਖਾਂ ਦੇ ਹੋਰ ਸਾਂਝੇ ਭਾਗ ਲਾਲ ਜਾਮਣੀ ਆਦਿ ਰੰਗਾਂ ਦੇ ਹੁੰਦੇ ਹਨ, ਵੀ ਆਪਣਾ ਪ੍ਰਭਾਵ ਦਰਸਾਉਂਦੇ ਹਨ। ਜਿਸ ਕਾਰਨ ਕੁਝ ਰੁੱਖਾਂ ਦੇ ਪੱਤੇ ਹਰੇ ਨਹੀਂ ਹੁੰਦੇ ਹੋਰ ਰੰਗ ਦਿਖਾਉਂਦੇ ਹਨ। ਤੁਸੀਂ ਪੱਤਝੜ ਵਿੱਚ ਦੇਖਿਆ ਹੋਵੇਗਾ ਕਿ ਰੋਸ਼ਨੀ ਦੀ ਘਾਟ ਕਰਕੇ ਪੱਤੇ ਲਾਲ,ਪੀਲੇ, ਜਾਮਣੀ ਲਿਖਦੇ ਹਨ।ਇਹੋ ਤਰਕ ਇਸ ਵਿੱਚ ਵੀ ਕੰਮ ਕਰਦਾ ਹੈ ਭਾਵ ਹੋਰ ਭਾਗ ਵਧੇਰੇ ਸ਼ਕਤੀਸ਼ਾਲੀ ਹੋ ਕੇ ਆਪਣਾ ਰੰਗ ਦਿਖਾ ਸਕਦੇ ਹਨ।





**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**







# ਐਮਾਜ਼ਾਨ ਵੱਲੋਂ ਕੈਨੇਡਾ ਅਤੇ ਅਮਰੀਕਾ ਦੇ ਵਿਕਰੇਤਾਵਾਂ 'ਤੇ ਫਿਊਲ ਸਰਚਾਰਜ ਲਾਗੂ ਕਰਨ ਦਾ ਫੈਸਲਾ

**ਵੈਨਕੂਵਰ, (ਮਲਕੀਤ ਸਿੰਘ)** – ਵਧ ਰਹੀਆਂ ਤੇਲ ਦੀਆਂ ਕੀਮਤਾਂ ਦੇ ਮੱਦੇਨਜ਼ਰ ਐਮਾਜ਼ਾਨ ਵੱਲੋਂ 17 ਅਪ੍ਰੈਲ ਤੋਂ ਕੈਨੇਡਾ ਅਤੇ ਅਮਰੀਕਾ ਦੇ ਵਿਕਰੇਤਾਵਾਂ ਲਈ ਨਵਾਂ ਫਿਊਲ ਸਰਚਾਰਜ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਹੈ ਜਾਣਕਾਰੀ ਮੁਤਾਬਕ ਕੰਪਨੀ ਵੱਲੋਂ 3.5 ਫੀਸਦੀ ਦਾ ਸਰਚਾਰਜ ਲਾਗੂ ਕੀਤਾ ਜਾਵੇਗਾ, ਜੋ ਖਾਸ ਤੌਰ 'ਤੇ ਉਹਨਾਂ ਵਿਕਰੇਤਾਵਾਂ 'ਤੇ ਲਾਗੂ ਹੋਵੇਗਾ ਜੋ 'ਫੁਲਫਿਲਮੈਂਟ ਬਾਈ ਐਮਾਜ਼ਾਨ' ਪ੍ਰੋਗਰਾਮ ਦੀ ਵਰਤੋਂ ਕਰਦੇ ਹਨ।



ਐਮਾਜ਼ੋਨ ਦੇ ਕਰਮਚਾਰੀਆਂ ਦੀ ਇੱਕ ਤਸਵੀਰ।

ਦੱਸਿਆ ਜਾ ਰਿਹਾ ਹੈ ਕਿ ਇਸ ਪ੍ਰੋਗਰਾਮ ਤਹਿਤ ਵਿਕਰੇਤਾ ਆਪਣੇ ਸਮਾਨ ਦੀ ਪੈਕਿੰਗ ਅਤੇ ਡਿਲਿਵਰੀ ਦੀ ਜ਼ਿੰਮੇਵਾਰੀ ਐਮਾਜ਼ਾਨ ਦੇ ਗੋਦਾਮਾਂ ਅਤੇ ਲਾਜਿਸਟਿਕ ਪ੍ਰਣਾਲੀ ਨੂੰ ਸੌਂਪ ਸਕਦੇ ਹਨ। ਕੰਪਨੀ ਦੇ ਇੱਕ ਬੁਲਾਰੇ ਅਨੁਸਾਰ ਇਹ ਕਦਮ ਲਗਾਤਾਰ ਵਧ ਰਹੀਆਂ ਇੰਧਨ ਦੀਆਂ ਕੀਮਤਾਂ ਦੇ ਪ੍ਰਭਾਵ ਨੂੰ ਸੰਭਾਲਣ ਲਈ ਚੁੱਕਿਆ ਗਿਆ ਹੈ।

# ਭਾਰਤੀ ਹਾਈ ਕਮਿਸ਼ਨ ਦਾ ਅਹਿਮ ਫੈਸਲਾ

## ਓ ਸੀ ਆਈ ਕਾਰਡ ਦੀ ਅਰਜੀ ਹੁਣ ਖੁਦ ਜਮਾ ਕਰਵਾਉਣੀ ਪਵੇਗੀ

**ਵੈਨਕੂਵਰ, (ਮਲਕੀਤ ਸਿੰਘ)–** ਕੈਨੇਡਾ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਲੋਕਾਂ ਲਈ ਓਟਾਵਾ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਓਸੀਆਈ ਕਾਰਡ ਦੀਆਂ ਅਰਜ਼ੀਆਂ ਸਬੰਧੀ ਇੱਕ ਜ਼ਰੂਰੀ ਨੋਟਿਸ ਜਾਰੀ ਕੀਤਾ ਹੈ। ਹਾਈ ਕਮਿਸ਼ਨ ਵੱਲੋਂ ਜਾਰੀ ਨੋਟਿਸ ਦੀਆਂ ਹਦਾਇਤਾਂ ਅਨੁਸਾਰ, 5 ਅਪ੍ਰੈਲ 2026 ਤੋਂ ਸਾਰੀਆਂ ਓਸੀਆਈ ਅਰਜ਼ੀਆਂ ਸਿਰਫ਼ ਵਿਅਕਤੀਗਤ ਤੌਰ 'ਤੇ ਹੀ ਜਮ੍ਹਾਂ ਕਰਵਾਈਆਂ ਜਾ ਸਕਣਗੀਆਂ।ਹੁਣ ਪਹਿਲਾਂ ਵਾਂਗ ਡਾਕ ਰਾਹੀਂ ਭੇਜੀਆਂ ਜਾਣ ਵਾਲੀਆਂ ਓਸੀਆਈ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬਿਨੈਕਾਰਾਂ ਨੂੰ ਹੁਣ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ ਲਈ ਖੁਦ ਬੀ ਐਲ ਐਸ ਕੇਂਦਰਾਂ ਵਿੱਚ ਜਾਣਾ ਪਵੇਗਾ। ਕਿਉਂਕਿ ਹੁਣ ਓਸੀਆਈ ਪ੍ਰਕਿਰਿਆ ਲਈ ਬਾਇਓਮੈਟ੍ਰਿਕਸ ਦੇਣਾ ਲਾਜ਼ਮੀ ਕਰ ਦਿੱਤਾ ਗਿਆ ਹੈ, ਜਿਸ ਲਈ ਬਿਨੈਕਾਰ ਦੀ ਨਿੱਜੀ ਮੌਜੂਦਗੀ ਜ਼ਰੂਰੀ ਹੈ।




# ਆਰਟੇਮਿਸ-2 ਮਿਸ਼ਨ ਦੇ ਪੁਲਾੜ ਯਾਤਰੀ ਚੰਦ ਵੱਲ ਰਵਾਨਾ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੇ ਪੁਲਾੜ ਯਾਤਰੀ ਜੈਰੇਮੀ ਹੈਨਸਨ ਅਤੇ ਆਰਟੇਮਿਸ-2 ਮਿਸ਼ਨ ਦੇ ਹੋਰ ਪੁਲਾੜ ਯਾਤਰੀ ਧਰਤੀ ਦੀ ਕੁਖ ਤੋਂ ਬਾਹਰ ਨਿਕਲ ਕੇ ਚੰਦ ਵੱਲ ਰਵਾਨਾ ਹੋ ਗਏ ਹਨ। ਆਰਟੇਮਿਸ-2 ਦੀ ਇਹ ਪ੍ਰੀਖਿਆ ਉਡਾਣ ਨਾਸਾ ਦੀਆਂ ਵੱਡੀਆਂ ਯੋਜਨਾਵਾਂ ਦਾ ਅਗਲਾ ਕਦਮ ਹੈ, ਜਿਸਦਾ ਮਕਸਦ ਚੰਦ 'ਤੇ ਅੱਡਾ ਸਥਾਪਿਤ ਕਰਨਾ ਅਤੇ ਉੱਥੇ ਲੰਬੇ ਸਮੇਂ ਲਈ ਮਨੁੱਖੀ ਵਸੇਬਾ ਬਣਾਉਣ ਦਾ ਮੰਤਵ ਪੂਰਾ ਕਰਨਾ ਹੈ ਜਾਣਕਾਰੀ ਮੁਤਾਬਕ ਯਾਤਰੀ ਜੈਰੇਮੀ ਹੈਨਸਨ ਇਤਿਹਾਸ ਵਿੱਚ ਪਹਿਲੇ ਕਨੇਡੀਅਨ ਬਣ ਗਏ ਹਨ ਜੋ ਚੰਦ ਵੱਲ ਰਵਾਨਾ ਹੋਏ ਹਨ। ਉਹ ਆਪਣੇ ਤਿੰਨ ਹੋਰ ਸਾਥੀ ਮੈਂਬਰਾਂ ਦੇ ਨਾਲ ਇਸ ਮਿਸ਼ਨ ਦੀ ਟੀਮ ਦਾ ਹਿੱਸਾ ਬਣੇ ਹਨ ਇਹ ਮਿਸ਼ਨ ਨਾਸਾ ਦੇ ਚੰਦ ਸੰਬੰਧੀ ਵਿਆਪਕ ਯਤਨਾਂ ਵਿੱਚ ਇੱਕ ਮਹੱਤਵਪੂਰਨ ਪੜਾਅ ਮੰਨਿਆ ਜਾ ਰਿਹਾ ਹੈ।



**ਫੋਟੋ ਕੈਪਸ਼ਨ: ਅੰਤਰਿਕਸ਼ ਵਿੱਚ ਚੰਦ ਵੱਲ ਵਧਦਾ ਅੰਤਰਿਕਸ਼ ਯਾਨ।**

# ਕਨੇਡੀਅਨਾ ਚ ਵੱਧ ਰਿਹੈ ਜਾਨਵਰਾਂ ਨਾਲ ਨੇੜਤਾ ਬਣਾਉਣ ਦਾ ਰੁਝਾਨ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਵਿੱਚ ਚਾਰ ਟੰਗਾਂ ਵਾਲੇ ਜਾਨਵਰਾਂ ਨਾਲ ਨਜ਼ਦੀਕੀ ਬਣਾਉਣ ਦਾ ਰੁਝਾਨ ਲੋਕਾਂ ਵਿੱਚ ਤੇਜ਼ੀ ਨਾਲ ਲੋਕਪ੍ਰਿਯ ਹੋ ਰਿਹਾ ਹੈ, ਜਿਸਨੂੰ ਲੋਕ ਮਨੋਰੰਜਨ ਦੇ ਨਾਲ ਨਾਲ ਮਨ ਦੀ ਸ਼ਾਂਤੀ ਲਈ ਵੀ ਅਪਣਾ ਰਹੇ ਹਨ। ਜਾਣਕਾਰੀ ਮੁਤਾਬਕ ਜੂਲੀ ਹੋਲੈਟ ਨਾਂ ਦੀ ਇੱਕ ਕਿਸਾਨ ਵੱਲੋਂ ਬੱਕਰੀਆਂ ਨਾਲ ਯੋਗਾ, ਸੈਰ ਅਤੇ ਹੋਰ ਕਈ ਸਰਗਰਮੀਆਂ ਕਰਵਾਈਆਂ ਜਾ ਰਹੀਆਂ ਹਨ। ਇਹਨਾਂ ਸਰਗਰਮੀਆਂ ਰਾਹੀਂ ਲੋਕ ਜਾਨਵਰਾਂ ਨਾਲ ਸਮਾਂ ਬਿਤਾਉਂਦੇ ਹੋਏ ਖੁਸ਼ੀ ਅਤੇ ਤਣਾਅ ਤੋਂ ਰਾਹਤ ਮਹਿਸੂਸ ਕਰਦੇ ਹਨ। ਉਸਦਾ ਕਹਿਣਾ ਹੈ ਕਿ ਲੋਕਾਂ ਨੂੰ ਇਹ ਅਨੁਭਵ ਬਹੁਤ ਪਸੰਦ ਆ ਰਿਹਾ ਹੈ ਅਤੇ ਉਹ ਆਪਣੇ ਚਾਰ ਟੰਗਾਂ ਵਾਲੇ 'ਦੋਸਤਾਂ' ਨਾਲ ਸਮਾਂ ਬਿਤਾਉਣਾ ਚਾਹੁੰਦੇ ਹਨ। ਮਾਹਿਰਾਂ ਦੇ ਅਨੁਸਾਰ ਜਾਨਵਰਾਂ ਨਾਲ ਸਮਾਂ ਬਿਤਾਉਣਾ ਮਨੁੱਖੀ ਮਨ ਤੇ ਸਕਾਰਾਤਮਕ ਅਸਰ ਛੱਡਦਾ ਹੈ ਅਤੇ ਤਣਾਅ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ।



ਬੱਕਰੀ ਦੇ ਬੱਚੇ ਨਾਲ ਇੱਕ ਮਹਿਲਾ ਕਿਸਾਨ।

## ----ਸਰੀ ਸਿਟੀ ਕੌਂਸਲ ਚੋਣਾਂ---

# ਕੰਸਰਵੇਟਿਵ ਪਾਰਟੀ ਨੇ ਹੋਨਵੀਰ ਰੰਧਾਵਾ ਨੂੰ ਮੇਅਰ ਦੇ ਉਮੀਦਵਾਰ ਵਜੋਂ ਚੋਣ ਪਿੜ 'ਚ ਨਿਤਾਰਿਆ

**ਵੈਨਕੂਵਰ, 4 ਅਪ੍ਰੈਲ (ਮਲਕੀਤ ਸਿੰਘ)–** ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਕਨੇਡਾ ਦੇ ਸਰੀ ਸ਼ਹਿਰ ਦੀਆਂ ਸਿਟੀ ਕੌਂਸਲ ਦੀਆਂ ਚੋਣਾਂ ਦਾ ਨਿਰਧਾਰਿਤ ਸਮਾਂ ਜਿਉਂ ਜਿਉਂ ਨੇੜੇ ਆ ਰਿਹਾ ਹੈ, ਤਿਉਂ ਤਿਉਂ ਹੀ ਵੱਧਦੀਆਂ ਚੋਣ ਸਰਗਰਮੀਆਂ ਕਾਰਨ ਚੋਣ ਬੁਖਾਰ ਭੱਖਦਾ ਨਜ਼ਰ ਆ ਰਿਹਾ ਹੈ ਇਸੇ ਹੀ ਕੜੀ ਤਹਿਤ ਕੰਸਰਵੇਟਿਵ ਪਾਰਟੀ ਵੱਲੋਂ ਸਰੀ ਸਥਿਤ ਇਮਪਰੈਸ ਬੈਕੁਇਡ ਹਾਲ ਵਿੱਚ ਇੱਕ ਜਨਤਕ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਚ ਪਾਰਟੀ ਦੇ ਸਮਰਥਕਾਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ ਇਸ ਸਮਾਗਮ ਦੌਰਾਨ ਪੰਜਾਬੀ ਮੂਲ ਦੇ ਉੱਘੇ ਸਮਾਜਸੇਵੀ ਅਤੇ ਪ੍ਰਸਿੱਧ ਵਕੀਲ ਹੋਨਵੀਰ ਰੰਧਾਵਾ ਨੂੰ ਸਰੀ ਸਿਟੀ ਕੌਂਸਲ ਦੇ ਮੇਅਰ ਦੇ ਉਮੀਦਵਾਰ ਵਜੋਂ ਚੋਣ ਪਿੜ ਚ ਨਿਤਾਰਨ ਦਾ ਰਸਮੀ ਐਲਾਨ ਵੀ ਕੀਤਾ ਗਿਆ ਇਸ ਮੌਕੇ ਤੇ ਆਪਣੀ ਸੰਖੇਪ ਤਕਰੀਰ ਦੌਰਾਨ ਬੋਲਦਿਆਂ ਰੰਧਾਵਾ ਨੇ ਪਾਰਟੀ ਹਾਈ ਕਮਾਂਡ ਵੱਲੋਂ ਉਹਨਾਂ ਪ੍ਰਤੀ ਪ੍ਰਗਟਾਏ ਗਏ ਵਿਸ਼ਵਾਸ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਵਾਇਆ ਕਿ ਚੋਣਾਂ ਜਿੱਤਣ ਉਪਰੰਤ ਉਹ ਸ਼ਹਿਰ ਦੇ ਵਸਨੀਕਾਂ ਦੀਆਂ ਮੁਢਲੀਆਂ ਔਕੜਾਂ ਅਤੇ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਉਣ ਦਾ ਯਤਨ ਕਰਨਗੇ ।ਇਸ ਮੌਕੇ ਤੇ ਉਹਨਾਂ ਨੇ ਆਪਣੀ ਸਮੁੱਚੀ ਸਲੇਟ (ਟੀਮ) ਨਾਲ ਸੰਬੰਧਿਤ ਕੌਂਸਲਰ ਦੇ ਉਮੀਦਵਾਰਾਂ ਨਵਦੀਪ ਰੌਕੀ ਬਾਜਵਾ, ਰਸ਼ਿੰਦਰ ਕੌਰ, ਜੇਮਜ ਜੂ,ਡੈਨ ਕਰਲੋਜ, ਹੋਲੀ ਵਰਚਰੇ ਅਤੇ ਕੈਲਵਿਨ ਵੰਡਰਪਲੋਗ ਨਾਲ ਹਾਜ਼ਰ ਲੋਕਾਂ ਨੂੰ ਰੂਬਰੂ ਵੀ ਕਰਵਾਇਆ ਅਖੀਰ ਚ ਸਾਰਿਆਂ ਨੇ ਰਲ ਮਿਲ ਕੇ ਸਵਾਦਲੇ ਭੋਜਨ ਦਾ ਆਨੰਦ ਵੀ ਮਾਣਿਆ ।





**ਸਮਾਗਮ ਦੀਆਂ ਵੱਖ ਵੱਖ ਤਸਵੀਰਾਂ।**

# ਨਾ... ਉਹ ਗੱਲ ਨੀ ਬਣੀ

ਸਾਡੇ ਸਮਾਜ ਵਿੱਚ ਇੱਕ ਅਜੀਬ ਜਿਹੀ ਬਿਮਾਰੀ ਨੇ ਜੜ੍ਹਾਂ ਫੜ ਲਈਆਂ ਹਨ, ਜਿਸ ਦਾ ਇਲਾਜ ਨਾ ਤਾਂ ਕਿਸੇ ਹਕੀਮ ਕੋਲ ਹੈ ਅਤੇ ਨਾ ਹੀ ਕਿਸੇ ਬੈਂਕ ਦੇ ਵੱਡੇ ਲੋਨ ਕੋਲ। ਇਹ ਬਿਮਾਰੀ ਹੈ 'ਦੂਜੇ ਨੂੰ ਨੀਵਾਂ ਦਿਖਾਉਣ ਦੀ ਭੁੱਖ'। ਜਦੋਂ ਕੋਈ ਪੰਜਾਬੀ ਆਪਣੇ ਪੁੱਤ ਜਾਂ ਧੀ ਦਾ ਵਿਆਹ ਧਰਦਾ ਹੈ, ਤਾਂ ਉਸਦਾ ਕਈ ਵਾਰ ਉਸਦਾ ਮਕਸਦ 'ਸ਼ਗਨ' ਮਨਾਉਣਾ ਨਹੀਂ, ਬਲਕਿ ਸ਼ਰੀਕੇ ਦੀ 'ਹਿੱਕ 'ਤੇ ਮੂੰਗ ਦਲਣਾ' ਹੁੰਦਾ ਹੈ। ਜ਼ਮੀਨਾਂ ਗਹਿਣੇ ਰੱਖ ਕੇ, ਆੜ੍ਹਤੀਏ ਤੋਂ ਮੋਟੇ ਵਿਆਜ 'ਤੇ ਪੈਸੇ ਚੁੱਕ ਕੇ ਅਤੇ ਜੀਵਨ ਭਰ ਦੀ ਜਮ੍ਹਾਂ-ਪੂੰਜੀ ਨੂੰ ਇੱਕੋ ਦਿਨ 'ਪੈਲੇਸ' ਦੇ ਵਿਹੜੇ ਵਿੱਚ ਖਿਲਾਰ ਕੇ ਉਹ ਸੋਚਦਾ ਹੈ ਕਿ ਸ਼ਾਇਦ ਹੁਣ ਦੁਨੀਆ ਉਸਦੇ ਗੁਣ ਗਾਵੇਗੀ।

ਪਰ ਅਸਲੀਅਤ ਬੜੀ ਕਰਾਰੀ ਤੇ ਵਿਅੰਗਮਈ ਹੁੰਦੀ ਹੈ। ਜਿਨ੍ਹਾਂ 'ਖਾਸ' ਮਹਿਮਾਨਾਂ ਲਈ ਪਨੀਰ, ਮਹਿੰਗੀਆਂ ਸ਼ਰਾਬਾਂ ਅਤੇ ਦਰਜਨਾਂ ਤਰ੍ਹਾਂ ਦੇ ਸਲਾਦ ਸਜਾਏ ਹੁੰਦੇ ਹਨ, ਉਹ ਪਲੇਟਾਂ ਵਿੱਚ ਪਹਾੜ ਜਿੰਨਾ ਖਾਣਾ ਜੂਠਾ ਛੱਡਦੇ ਹੋਏ ਬਾਹਰ ਨਿਕਲਦੇ ਹੀ ਇੱਕ ਲੰਬਾ ਡਕਾਰ ਮਾਰਦੇ ਹਨ ਅਤੇ ਮੂੰਹ ਟੇਢਾ ਕਰਕੇ ਕਹਿੰਦੇ ਹਨ, "ਯਾਰ, ਸਭ ਕੁਝ ਤਾਂ ਠੀਕ ਸੀ, ਪਰ ਉਹ ਗੱਲ ਨੀ ਬਣੀ ਜੋ ਫਲਾਣੇ ਦੇ ਵਿਆਹ 'ਚ ਸੀ।" ਇਹ ਵਾਕ ਉਸ ਬਾਪ ਦੀ ਪਿੱਠ ਵਿੱਚ ਛੁਰੇ ਵਾਂਗ ਵੱਜਦਾ ਹੈ ਜਿਸਨੇ ਉਸ 'ਗੱਲ' ਨੂੰ ਬਣਾਉਣ ਲਈ ਆਪਣੀ ਅਗਲੀ ਨਸਲ ਦੀ ਜ਼ਮੀਨ ਤੱਕ ਦਾਅ 'ਤੇ ਲਾ ਦਿੱਤੀ ਹੁੰਦੀ ਹੈ।

ਅਸੀਂ ਉਸ ਦੌਰ ਵਿੱਚ ਹਾਂ ਜਿੱਥੇ ਖੁਸ਼ੀ 'ਦਿਲ' ਨਾਲ ਨਹੀਂ, 'ਡਿਸਪਲੇ' ਨਾਲ ਮਾਪੀ ਜਾਂਦੀ ਹੈ। ਜੇ ਪੈਲੇਸ ਵਿੱਚ ਲਾਈਟਾਂ ਘੱਟ ਹੋਣ ਤਾਂ ਇੱਜ਼ਤ ਘੱਟ ਜਾਂਦੀ ਹੈ, ਜੇ ਮੁਰਗੇ ਦੀ ਤਰ੍ਹੀ ਵਿੱਚ ਤੇਲ ਘੱਟ ਹੋਵੇ ਤਾਂ ਖਾਨਦਾਨ ਦੀ ਸ਼ਾਨ ਨੂੰ ਵੱਟਾ ਲੱਗ ਜਾਂਦਾ ਹੈ। ਅਸੀਂ ਇਹ ਭੁੱਲ ਗਏ ਹਾਂ ਕਿ ਜਿਨ੍ਹਾਂ ਲੋਕਾਂ ਨੂੰ ਅਸੀਂ ਖੁਆ ਕੇ ਖੁਸ਼ ਕਰਨਾ ਚਾਹੁੰਦੇ ਹਾਂ, ਉਹ ਕਦੇ ਰੱਜਦੇ ਹੀ ਨਹੀਂ। ਉਹ ਤਾਂ ਵਿਆਹ ਦੀ ਵੀਡੀਓ ਦੇਖਦਿਆਂ ਵੀ ਇਹੀ ਕਹਿਣਗੇ ਕਿ "ਫੁੱਲ ਥੋੜ੍ਹੇ ਮੁਰਝਾਏ ਹੋਏ ਸੀ।"


ਬਹੁਤ ਦੁਖਦਾਈ ਹੈ ਕਿ ਅਸੀਂ 'ਫੋਕੀ ਸ਼ੋਹਰਤ' ਦੇ ਚੱਕਰ ਵਿੱਚ ਆਪਣਾ ਸਕੂਨ ਵੇਚ ਦਿੱਤਾ ਹੈ। ਬਾਅਦ ਵਿੱਚ ਜਦੋਂ ਬੈਂਕ ਵਾਲੇ ਬੂਹੇ 'ਤੇ ਆ ਕੇ ਖੜ੍ਹਦੇ ਹਨ, ਉਦੋਂ ਉਹ 'ਉਹ ਗੱਲ ਨੀ ਬਣੀ' ਕਹਿਣ ਵਾਲਾ ਕੋਈ ਰਿਸ਼ਤੇਦਾਰ ਸਲਾਹ ਦੇਣ ਵੀ ਨਹੀਂ ਆਉਂਦਾ। ਅਸੀਂ ਆਪਣੀ ਚਾਦਰ ਤੋਂ ਬਾਹਰ ਪੈਰ ਸਿਰਫ਼ ਇਸ ਲਈ ਪਸਾਰਦੇ ਹਾਂ ਤਾਂ ਜੋ ਲੋਕਾਂ ਦੀਆਂ ਅੱਖਾਂ ਚੁੰਧਿਆ ਸਕੀਏ, ਪਰ ਅਖੀਰ ਵਿੱਚ ਉਹ ਲੋਕ ਸਿਰਫ਼ 'ਨੁਕਸ' ਲੱਭ ਕੇ ਸਾਡੇ ਮੂੰਹ 'ਤੇ ਮਾਰਦੇ ਹਨ।

ਜੇਕਰ ਅਸੀਂ ਅੱਜ ਵੀ ਨਾ ਸੰਭਲੇ, ਤਾਂ ਇਹ 'ਨਾ ਬਣੀ ਗੱਲ' ਵਾਲੀ ਮਾਨਸਿਕਤਾ ਸਾਨੂੰ ਕਿਤੇ ਦਾ ਨਹੀਂ ਛੱਡੇਗੀ। ਵਿਆਹ-ਸ਼ਾਦੀਆਂ ਵਿੱਚ ਸਾਦਗੀ ਨੂੰ 'ਕੰਜੂਸੀ' ਦਾ ਨਾਮ ਦੇ ਕੇ ਅਸੀਂ ਖੁਦ ਨੂੰ ਤਬਾਹੀ ਦੇ ਰਾਹ ਤੋਰ ਲਿਆ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਅਸਲੀ 'ਗੱਲ' ਮਹਿੰਗੇ ਰੁਮਾਲਾਂ ਜਾਂ ਪਨੀਰ ਦੇ ਟੁਕੜਿਆਂ ਵਿੱਚ ਨਹੀਂ, ਬਲਕਿ ਕਰਜ਼ਾ-ਮੁਕਤ ਜੀਵਨ ਅਤੇ ਮਾਨਸਿਕ ਸ਼ਾਂਤੀ ਵਿੱਚ ਹੁੰਦੀ ਹੈ। ਨਹੀਂ ਤਾਂ, ਸਾਰੀ ਉਮਰ ਕਿਸ਼ਤਾਂ ਭਰਦਿਆਂ ਵੀ ਸਾਡੇ ਅੰਦਰੋਂ ਇਹੀ ਆਵਾਜ਼ ਆਵੇਗੀ, "ਜ਼ਿੰਦਗੀ ਤਾਂ ਲੰਘ ਗਈ, ਪਰ ਉਹ ਗੱਲ ਨੀ ਬਣੀ!"



**ਜਤਿੰਦਰ ਭੁੱਚੋ**
**ਪਿੰਡ ਭੁੱਚੋ ਖੁਰਦ (ਬਠਿੰਡਾ)**
**ਮੋਬਾਇਲ ਨੰਬਰ-**
**9501475400**

# ਸ਼ਰਧਾਂਜਲੀਆਂ ਕਿ ਝੂਠ ਦੇ ਪੁਲੰਦੇ...?




**ਕਿਸੇ** ਪਿੰਡ ਦੇ ਜ਼ੈਲਦਾਰਾਂ ਦੇ ਬੁੜੇ ਨੇ ਜਵਾਨੀ ਵਿੱਚ ਵੈਲੀਪੁਣੇ ਦੀਆਂ ਹੱਦਾਂ ਟੱਪੀਆਂ ਹੋਈਆਂ ਸਨ, ਹਵੇਲੀ ਮੂਹਰੇ ਲੱਗੇ ਬੋਹੜ ਹੇਠਾਂ ਸਾਰਾ ਦਿਨ ਆਪਣੇ ਵਰਗੇ ਪੰਜ ਸੱਤ ਮੁਸ਼ਟੰਡਿਆਂ ਨਾਲ਼ ਢਾਣੀ ਬਣਾ ਕੇ ਤਾਸ਼ ਖੇਡਣਾ, ਸ਼ਰਾਬਾਂ ਪੀਣੀਆਂ ,ਆਉਂਦੀਆਂ ਜਾਂਦੀਆਂ ਲੋਕਾਂ ਦੀਆਂ ਧੀਆਂ ਭੈਣਾਂ ਵੱਲ ਬੁਰੀ ਨਜ਼ਰ ਨਾਲ ਤੱਕਣਾ ਜਿਸ ਕਰਕੇ ਲੋਕਾਂ ਦੀਆਂ ਧੀਆਂ ਭੈਣਾਂ ਨੇ ਉਹ ਰਸਤਾ ਛੱਡ ਕੇ ਸਾਰਾ ਪਿੰਡ ਵਗਲ਼ ਕੇ ਦੂਜੇ ਪਾਸੇ ਵਾਲ਼ੇ ਰਸਤਿਓਂ ਆਪਣੇ ਕੰਮ ਧੰਦੀਂ ਜਾਣਾ । ਫਿਰ ਉਹਦਾ ਇੱਕ ਪੋਤਾ ਨੇਤਾਗਿਰੀ ਵਿੱਚ ਪੈ ਗਿਆ ਤੇ ਉੱਘਾ ਨੇਤਾ ਬਣ ਗਿਆ । ਉਹਦੀ ਨੇਤਾਗਿਰੀ ਨੂੰ ਸਲਾਮਾਂ ਹੋਣ ਲੱਗੀਆਂ। ਜਦ ਉਹ ਬੁੜਾ ਮਰਿਆ ਤਾਂ 'ਜ਼ੈਲਦਾਰਾਂ ਦਾ ਬੁੜਾ' ਘੱਟ ਤੇ ਨੇਤਾ ਜੀ ਦਾ ਸਤਿਕਾਰਯੋਗ ਦਾਦਾ ਜੀ ਵੱਧ ਬਣ ਗਿਆ ਸੀ। ਬੁੜੇ ਦੀ ਅੰਤਿਮ ਅਰਦਾਸ ਵਾਲਾ ਦਿਨ ਵੀ ਆ ਗਿਆ, ਨੇਤਾ ਜੀ ਨੂੰ ਚਾਹੁਣ ਵਾਲਿਆਂ ਦਾ ਠਾਠਾਂ ਮਾਰਦਾ ਇਕੱਠ, ਉੱਤੋਂ ਨੇਤਾ ਜੀ ਵਰਗੇ ਕਿੰਨੇ ਹੀ ਹੋਰ ਨੇਤਾ ਜੀ "ਹਾਜ਼ਰੀ" ਲਵਾਉਣ ਪੁੱਜੇ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਵੈਰਾਗਮਈ ਕੀਰਤਨ ਤੋਂ ਬਾਅਦ ਭੋਗ ਪੈ ਗਿਆ। ਭੋਗ ਪੈਂਦੇ ਹੀ ਨੇਤਾ ਜੀ ਦੇ ਪਿਆਰੇ ਦਾਦਾ ਜੀ ਨੂੰ ਸ਼ਰਧਾਂਜਲੀਆਂ ਦੇਣ ਵਾਲ਼ਿਆਂ ਦੀ ਲੰਮੀ ਲਾਈਨ ਲੱਗ ਗਈ, ਸੈਕਟਰੀ ਸਾਹਿਬ ਵੱਲੋਂ ਸਾਰਿਆਂ ਨੂੰ ਬੇਨਤੀ ਕੀਤੀ ਗਈ," ਸਾਡੇ ਬਹੁਤ ਹੀ ਸਤਿਕਾਰਤ ਬਜ਼ੁਰਗ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਰੀਆਂ ਪਹੁੰਚੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸਮੇਂ ਦਾ ਧਿਆਨ ਰੱਖਦਿਆਂ ਦੋ ਦੋ ਮਿੰਟ ਦਿੱਤੇ ਜਾਂਦੇ ਹਨ,ਇਸ ਲਈ ਕਿਰਪਾ ਕਰਕੇ ਦੋ ਮਿੰਟ ਵਿੱਚ ਹੀ ਇਸ ਮਹਾਨ ਸ਼ਖ਼ਸੀਅਤ ਨੂੰ ਸ਼ਰਧਾ ਦੇ ਫੁੱਲ ਚੜ੍ਹਾ ਕੇ ਸਮੇਂ ਦੀ ਪਾਬੰਦੀ ਧਿਆਨ ਰੱਖਿਆ ਜਾਵੇ ਤਾਂ ਜੋ ਸਭ ਨੂੰ ਵਕਤ ਮਿਲ ਜਾਵੇ।" ਸ਼ਰਧਾਂਜਲੀਆਂ ਦਾ ਸਿਲਸਿਲਾ ਸ਼ੁਰੂ ਹੁੰਦੇ ਹੀ ਨੇਤਾ ਜੀ ਦੇ ਦਾਦਾ ਜੀ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹਦਿਆਂ 'ਧੀਆਂ ਭੈਣਾਂ ਦੀਆਂ ਇੱਜ਼ਤਾਂ ਦਾ ਰਾਖਾ" ,"ਗਰੀਬਾਂ ਦਾ ਮਸੀਹਾ","ਨੇਕ ਇਨਸਾਨ ", ਭਲਾ ਪੁਰਸ਼" ਆਦਿਕ ਵਧੀਆ ਤੋਂ ਵਧੀਆ ਸ਼ਬਦਾਂ ਨਾਲ਼ ਵਡਿਆਈ ਕਰਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਸ਼ਰਧਾਂਜਲੀ ਕੀ ਹੈ?ਅਸਲ ਵਿੱਚ ਸ਼ਰਧਾਂਜਲੀ ਕਿਸੇ ਵਿਅਕਤੀ ਦੇ ਮਰਨ ਉਪਰੰਤ ਉਸ ਪ੍ਰਤੀ ਪਿਆਰ ਅਤੇ ਸ਼ਰਧਾ ਪ੍ਰਗਟਾਉਂਦੇ ਹੋਏ ਉਸ ਦੀ ਪ੍ਰਸੰਸਾ ਜਾਂ ਹਮਦਰਦੀ ਭਰੇ ਸ਼ਬਦਾਂ ਨੂੰ ਕਿਹਾ ਜਾਂਦਾ ਹੈ।ਸਾਡੇ ਸਮਾਜ ਵਿੱਚ ਮੌਤ ਉਪਰੰਤ ਸਮਾਜਿਕ ਰੀਤੀ-ਰਿਵਾਜਾਂ ਤੇ ਧਾਰਮਿਕ ਆਸਥਾਵਾਂ ਮੁਤਾਬਕ ਮਨੁੱਖ ਦੀਆਂ ਅੰਤਿਮ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਬਾਅਦ ਆਪਣੇ ਆਪਣੇ ਮੱਤ ਅਨੁਸਾਰ ਸਹਿਜ ਪਾਠ ਜਾਂ ਅਖੰਡ ਪਾਠ ਜਾਂ ਗਰੁੜ ਪੁਰਾਣ ਆਦਿ ਧਾਰਮਿਕ ਗ੍ਰੰਥਾਂ ਦੇ ਪਾਠ ਦਾ ਭੋਗ ਪਾਇਆ ਜਾਂਦਾ ਹੈ।ਉਸ ਤੋਂ ਉਪਰੰਤ ਰਸਮ ਪਗੜੀ ਜਾਂ ਸ਼ਰਧਾਂਜਲੀਆਂ ਦਾ ਦੌਰ ਸ਼ੁਰੂ ਹੁੰਦਾ ਹੈ ਜਿਸ ਵਿੱਚ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ। ਸ਼ਰਧਾਂਜਲੀ ਦੇਣ ਵਾਲਾ ਕੋਈ ਮੰਤਰੀ, ਕਿਸੇ ਰਾਜਨੀਤਕ ਪਾਰਟੀ ਦਾ ਨੇਤਾ ਜਾਂ ਪ੍ਰਧਾਨ ਜਾਂ ਸਮਾਜ ਸੇਵੀ ਜਾਂ ਕੋਈ ਆਮ ਆਦਮੀ ਵੀ ਹੋ ਸਕਦਾ ਹੈ। ਬਹੁਤਾ ਕਰਕੇ ਕਈ ਲੋਕ ਅਜਿਹੇ ਮੌਕਿਆਂ 'ਤੇ ਦੋ ਮਿੰਟ ਮੌਨ ਰੱਖ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕਰਨ ਨੂੰ ਸਰਬ ਉੱਤਮ ਮੰਨਦੇ ਹਨ।

ਹਰ ਰੋਜ਼ ਅਨੇਕਾਂ ਥਾਵਾਂ ਉੱਤੇ ਹਜ਼ਾਰਾਂ ਅਜਿਹੇ ਮਰਗ ਦੇ ਭੋਗ ਸਮਾਗਮ ਹੁੰਦੇ ਹਨ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਮਰਨ ਵਾਲੇ ਬੰਦੇ ਨੂੰ ਇਸ ਤਰ੍ਹਾਂ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ ਚਾਹੇ ਉਹ ਜ਼ਿੰਦਗੀ ਵਿੱਚ ਅਨੇਕਾਂ ਪਾਪ ਹੀ ਕਿਉਂ ਨਾ ਕਮਾ ਚੁੱਕਿਆ ਹੋਵੇ।ਸ਼ਰਧਾਂਜਲੀਆਂ ਭੇਂਟ ਕਰਨ ਵਿੱਚ ਆਮ ਲੋਕਾਂ ਤੋਂ ਇਲਾਵਾ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਉਹ ਸ਼ਖ਼ਸੀਅਤਾਂ ਸ਼ਾਮਲ ਹੁੰਦੀਆਂ ਹਨ ਜਿਹਨਾਂ ਨੇ ਕਦੇ ਮਰਨ ਵਾਲੇ ਨੂੰ ਦੇਖਿਆ ਤੱਕ ਨਹੀਂ ਹੁੰਦਾ, ਉਹਨਾਂ ਨਾਲ ਗੱਲ ਕਰਨਾ ਜਾਂ ਮਿਲ਼ੇ ਹੋਣਾ ਤਾਂ ਦੂਰ ਦੀ ਗੱਲ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗ ਕਰਨ ਲਈ ਹਾਜ਼ਰ ਲੋਕਾਂ ਨੂੰ ਸੰਗਤ ਅਤੇ ਪੂਰੇ ਸਿਰਜੇ ਗਏ ਮਾਹੌਲ ਨੂੰ ਸਤਿਸੰਗ ਦਾ ਨਾਂ ਦਿੱਤਾ ਜਾਂਦਾ ਹੈ ਮਤਲਬ ਕਿ ਅਸੀਂ ਇੱਕ ਸੱਚੇ ਦੀ ਸੰਗਤ ਕਰ ਰਹੇ ਹੁੰਦੇ ਹਾਂ । ਜਿਸ ਦਾ ਸਿੱਧਾ ਸਿੱਧਾ ਅਰਥ ਹੁੰਦਾ ਹੈ ਕਿ ਇੱਕ ਸੱਚੇ ਪਰਮਾਤਮਾ ਦੀ ਉਸਤਤ ਕਰਦਿਆਂ ਸਾਰਾ ਵਾਤਾਵਰਣ ਅਧਿਆਤਮਿਕ ਰੰਗਤ ਵਿੱਚ ਰੰਗ ਕੇ ਮਰਨ ਵਾਲੇ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਜਾਵੇ ਪਰ ਹੁੰਦਾ ਇਸ ਤੋਂ ਉਲਟ ਹੈ। ਉਸ ਦੀ ਆਤਮਾ ਦੀ ਸ਼ਾਂਤੀ ਨਾਲੋਂ ਜ਼ਿਆਦਾ ਉਸ ਦੇ ਖਤਮ ਹੋ ਚੁੱਕੇ ਸਰੀਰ ,ਉਸ ਦੇ ਰੁਤਬੇ ਦੀ ਉਪਮਾ ਦਾ ਵੱਧ ਖਿਆਲ ਰੱਖਿਆ ਜਾਂਦਾ ਹੈ।

ਸੋਚਣ ਦੀ ਗੱਲ ਹੈ ਕਿ ਧਾਰਮਿਕ ਗ੍ਰੰਥਾਂ ਦੀ ਹਜ਼ੂਰੀ ਵਿੱਚ ਬੈਠ ਕੇ ਝੂਠੀ ਵਡਿਆਈ ਅਤੇ ਫੋਕੀ ਸ਼ੋਹਰਤ ਦੇ ਗੁਣ ਗਾਉਣੇ ਕੀ ਜ਼ਰੂਰੀ ਹੈ? ਜਿਸ ਵਿਅਕਤੀ ਦੇ ਕਾਰਨਾਮੇ ਉਥੇ ਮੌਜੂਦ ਲੋਕਾਂ ਨੇ ਸਾਰੀ ਉਮਰੇ ਵੇਖੇ ਅਤੇ ਪਰਖੇ ਹੁੰਦੇ ਹਨ, ਉਸ ਬਾਰੇ ਲਾਊਡ ਸਪੀਕਰਾਂ ਤੇ ਰੌਲ਼ਾ ਪਾ ਕੇ ਦੱਸਣ ਦੀ ਕੀ ਲੋੜ ਹੁੰਦੀ ਹੈ? ਇਸ ਤਰ੍ਹਾਂ ਦਾ ਤਾਂ ਕੋਈ ਨਿਵੇਕਲਾ ਵਿਅਕਤੀ ਹੀ ਹੋਵੇਗਾ ਜਿਸ ਨੇ ਜ਼ਿੰਦਗੀ ਵਿੱਚ ਕਦੇ ਕੋਈ ਗਲਤੀ ਨਹੀਂ ਕੀਤੀ ਹੋਵੇਗੀ। ਧਾਰਮਿਕ ਰੰਗਤ ਵਾਲੇ ਮਾਹੌਲ ਵਿੱਚ ਕਿਸੇ ਵੀ ਵਿਅਕਤੀ ਦੀ ਸ਼ਰੇਆਮ ਝੂਠੀ ਵਡਿਆਈ ਕਰਕੇ ਉਸ ਨੂੰ ਸ਼ਰਧਾਂਜਲੀ ਦੇਣਾ ਕੀ ਪਵਿੱਤਰ ਗਰੰਥਾਂ ਦੀ ਬੇਅਦਬੀ ਕਰਨਾ ਨਹੀਂ ਹੈ? ਕਿਉਂ ਕਿ ਸਾਨੂੰ ਕੋਈ ਵੀ ਧਾਰਮਿਕ ਗ੍ਰੰਥ ਝੂਠ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ ਹੈ ।ਅਸਲ ਵਿੱਚ ਦੇਖਿਆ ਜਾਵੇ ਤਾਂ ਆਤਮਿਕ ਸ਼ਾਂਤੀ ਲਈ ਰੱਖੇ ਧਾਰਮਿਕ ਸਮਾਗਮਾਂ ਵਿੱਚ ਕੀਤੀ ਹੋਈ ਅਰਦਾਸ ਹੀ ਉਸ ਵਿਅਕਤੀ ਲਈ ਸ਼ਰਧਾਂਜਲੀ ਹੁੰਦੀ ਹੈ ਕਿਉਂਕਿ ਸਾਰੇ ਲੋਕ ਪਰਮਾਤਮਾ ਦਾ ਨਾਂ ਧਿਆਉਂਦੇ ਹੋਏ ਉਸ ਦੀ ਆਤਮਾ ਦੀ ਸ਼ਾਂਤੀ ਲਈ ਦੁਆ ਮੰਗ ਰਹੇ ਹੁੰਦੇ ਹਨ। ਇਸ ਤੋਂ ਉਲਟ ਮਰ ਚੁੱਕੇ ਸਰੀਰ ਦੀਆਂ ਝੂਠੀਆਂ ਸੱਚੀਆਂ ਵਡਿਆਈਆਂ ਕਰਕੇ ਜਿੱਥੇ ਆਪ ਪਾਪਾਂ ਦੇ ਭਾਗੀ ਬਣਦੇ ਹਨ ਓਥੇ ਉਹ ਧਾਰਮਿਕ ਗ੍ਰੰਥਾਂ ਵਿੱਚ ਦਿੱਤੀਆਂ ਗਈਆਂ ਸਿੱਖਿਆਵਾਂ ਦੇ ਵੀ ਉਲਟ ਚੱਲ ਰਹੇ ਹੁੰਦੇ ਹਨ। ਇਸ ਤਰ੍ਹਾਂ ਅੱਜ ਕੱਲ੍ਹ ਸ਼ਰਧਾਂਜਲੀਆਂ, ਸ਼ਰਧਾਂਜਲੀਆਂ ਘੱਟ ਤੇ ਝੂਠ ਦੇ ਪੁਲੰਦੇ ਵੱਧ ਲੱਗਦੀਆਂ ਹਨ।



**ਬਰਜਿੰਦਰ ਕੌਰ ਬਿਸਰਾਓ...**
**9988901324**

# ਸੇਵਾਪੰਥੀ ਸੰਪਰਦਾਇ ਦਾ ਅਨਮੋਲ ਖ਼ਜ਼ਾਨਾ ਸਾਂਭਣ ਵਾਲੇ : ਡਾ: ਗੁਰਮੁਖ ਸਿੰਘ

**4 ਅਪ੍ਰੈਲ ਨੂੰ ਬਰਸੀ 'ਤੇ ਵਿਸ਼ੇਸ਼**

ਪੰਜਾਬੀ ਸਾਹਿਤ ਦੀ ਰਚਨਾ ਕਰਨ ਵਾਲੇ ਅਨੇਕਾਂ ਵਿਦਵਾਨ ਤੇ ਲਿਖਾਰੀ ਹੋਏ ਹਨ । ਪਰ ਕੁਝ ਲਿਖਾਰੀ ਅਜਿਹੇ ਹਨ ਸੋ ਸਾਹਿਤ ਵਿੱਚ ਰਚ-ਮਿਚ ਜਾਂਦੇ ਹਨ । ਡਾ: ਗੁਰਮੁਖ ਸਿੰਘ ਉਹਨਾਂ ਵਿੱਚੋਂ ਇੱਕ ਸਨ । ਡਾ: ਗੁਰਮੁਖ ਸਿੰਘ ਦਾ ਜਨਮ 10 ਅਕਤੂਬਰ 1944 ਈ: ਨੂੰ ਪਿਤਾ ਸ੍ਰ: ਪ੍ਰੀਤਮ ਸਿੰਘ ਦੇ ਘਰ ਮਾਤਾ ਗਿਆਨ ਕੌਰ ਦੀ ਕੁੱਖੋਂ ਪਿੰਡ ਸੰਸਾਰਪੁਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਉਹਨਾਂ ਦਾ ਜਨਮ ਹੋਣ ਤੇ ਪਿਤਾ ਨੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਆਏ ਮੁਖਵਾਕ ਦੇ ਪਹਿਲੇ ਅੱਖਰ 'ਗ' ਅਨੁਸਾਰ ਨਾਂ 'ਗੁਰਮੁਖ ਸਿੰਘ' ਰੱਖਿਆ ਗਿਆ । ਉਹ ਮਾਂ ਬਾਪ ਦਾ ਇਕਲੌਤਾ ਪੁੱਤਰ ਸੀ ਤੇ ਹਰ ਕੰਮ ਬੜੀ ਲਗਨ ਤੇ ਮਿਹਨਤ ਨਾਲ ਕਰਦੇ ਸਨ। ਉਹ ਕੰਮ ਵਿੱਚ ਬਹੁਤ ਦਿਲਚਸਪੀ ਰੱਖਦੇ ਸਨ । ਆਲਸ ਤਾਂ ਉਹਨਾਂ ਤੋਂ ਕੋਹਾਂ ਦੂਰ ਸੀ । ਉਹ ਆਪਣੇ ਬਜ਼ੁਰਗਾਂ ਦੀਆਂ ਬਾਤਾਂ ਆਪਣੀ ਮਾਂ ਨਾਲ ਸਾਂਝੀਆਂ ਕਰਦੇ ਰਹਿੰਦੇ ਸਨ । ਉਹ ਗੱਲਾਂ ਕਰਦੇ ਕਦੇ ਹੱਸਦੇ ਤੇ ਕਦੇ ਰੋ ਪੈਂਦੇ ਸਨ ।

ਉਹਨਾਂ ਪ੍ਰਾਇਮਰੀ ਤੱਕ ਵਿੱਦਿਆ ਪਿੰਡ ਸੰਸਾਰਪੁਰ ਜ਼ਿਲ੍ਹਾ ਜਲੰਧਰ ਤੋਂ ਕੀਤੀ। 1961 ਵਿੱਚ ਗੌਰਮਿੰਟ ਹਾਈ ਸਕੂਲ ਜਲੰਧਰ ਛਾਉਣੀ ਤੋਂ ਦਸਵੀਂ, 1962 ਵਿੱਚ ਆਰ.ਐਸ.ਡੀ. ਕਾਲਜ ਫ਼ਿਰੋਜ਼ਪੁਰ ਤੋਂ ਪ੍ਰੈਪ ਕੀਤੀ। 1964 ਵਿੱਚ ਆਈ.ਟੀ.ਆਈ ਵਿੱਚ ਸਰਵੇਅਰ ਦਾ ਡਿਪਲੋਮਾ ਕੀਤਾ। ਇਸੇ ਦੌਰਾਨ ਪੜ੍ਹਾਈ ਦੇ ਨਾਲ-ਨਾਲ ਨੌਕਰੀ ਕਰਨ ਲੱਗ ਪਏ। 1964 ਵਿੱਚ ਗਿਆਨੀ ਪ੍ਰਾਈਵੇਟ ਕੀਤੀ। ਇਸੇ ਸਾਲ ਹੀ ਸਤੰਬਰ ਮਹੀਨੇ ਵਿੱਚ ਐਫ.ਏ.ਪਾਸ ਕੀਤੀ। 1966 ਵਿੱਚ ਬੀ.ਏ, 1969 ਵਿੱਚ ਐੱਮ.ਏ ਪੰਜਾਬੀ ਕੀਤੀ। 1970 ਵਿੱਚ ਬੀ.ਐੱਡ.ਆਰ.ਯੂ.ਡੀ.ਸੀ. ਬਿਜਲੀ ਬੋਰਡ ਵਿੱਚ ਲੱਗੇ । 1973 ਵਿੱਚ ਐੱਮ.ਏ. ਅੰਗਰੇਜ਼ੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਧੀਆ ਅੰਕ ਲੈ ਕੇ ਪਾਸ ਕੀਤੀ। 1974 ਵਿੱਚ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਿੱਚ ਨੌਕਰੀ ਤੇ ਲੱਗੇ। 1976 ਵਿੱਚ ਪੱਕੇ ਹੋਏ। ਇਸੇ ਸਾਲ ਹੀ ਐੱਮ.ਏ. ਹਿੰਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ । 1981 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਡਾ: ਰਘਬੀਰ ਸਿੰਘ ਦੀ ਰਹਿਨੁਮਾਈ ਹੇਠ 'ਸੇਵਾਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ' ਵਿਸ਼ੇ ਤੇ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਡਾ: ਸਾਹਿਬ ਬੜੇ ਪਿਆਰ ਨਾਲ ਬੋਲਣ ਵਾਲੇ, ਮਿੱਠਬੋਲੜੇ ਤੇ ਨਿਮਰ ਸੁਭਾਅ ਦੇ ਮਾਲਕ ਸਨ। ਡਾ: ਗੁਰਮੁਖ ਸਿੰਘ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ 'ਸੇਵਾਪੰਥੀਆਂ' ਦੀ ਪੰਜਾਬੀ ਸਾਹਿਤ ਨੂੰ ਦੇਣ' ਵਿਸ਼ੇ ਤੇ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਡਾ: ਗੁਰਮੁਖ ਸਿੰਘ ਨੇ ਸੇਵਾਪੰਥੀ ਸੰਪਰਦਾਇ ਬਾਰੇ ਪੁਸਤਕਾਂ ਪਾਰਸ ਭਾਗ ਕ੍ਰਿਤ ਭਾਈ ਗਾੜ੍ਹੂ ਜੀ ਸੇਵਾਪੰਥੀ (1983), ਪਰਚੀਆਂ ਫ਼ਕੀਰਾਂ ਦੀਆਂ ਕ੍ਰਿਤ ਭਾਈ ਸਹਿਜ ਰਾਮ ਜੀ (2002), ਇਤਿਹਾਸ ਸੇਵਾਪੰਥੀਆਂ (2002), ਪੋਥੀ ਆਸਾਵਰੀਆਂ ਕ੍ਰਿਤ ਭਾਈ ਸਹਿਜ ਰਾਮ ਜੀ (2003), ਪਰਚੀ ਭਾਈ ਕਨਈਆ ਜੀ ਕ੍ਰਿਤ ਭਾਈ ਸਹਿਜ ਰਾਮ ਜੀ (2003), ਪਰਚੀ ਭਾਈ ਸੇਵਾ ਰਾਮ ਜੀ ਕ੍ਰਿਤ ਭਾਈ ਸਹਿਜ ਰਾਮ ਜੀ (2004) ਸੰਪਾਦਕ ਕੀਤੀਆਂ ਹਨ।

ਡਾ: ਗੁਰਮੁਖ ਸਿੰਘ ਨੇ ਕਰੜੀ ਸਾਧਨਾ ਕਰਕੇ ਵਿਦ-ਵਤਾ ਭਰੇ ਬਹੁਪੱਖੀ ਗਿਆਨ ਦੇ ਬਲਬੂਤੇ ਧਰਮ ਚਿੰਤਨ ਦੇ ਖੇਤਰ ਵਿੱਚ ਆਪਣੀ ਨਿਵੇਕਲੀ ਪਛਾਣ ਕਾਇਮ ਕਰਕੇ ਸਲਾਹੁਣਯੋਗ ਪ੍ਰਾਪਤੀਆਂ ਕੀਤੀਆਂ। ਉਹਨਾਂ ਦੇ ਜੀਵਨ ਦਾ ਵਿਸ਼ੇਸ਼ ਹਿੱਸਾ ਸਿੱਖ ਧਰਮ ਸਾਹਿਤ, ਸੇਵਾਪੰਥੀ ਸਾਹਿਤ ਤੇ ਇਤਿਹਾਸ ਦੀ ਖੋਜ-ਭਾਲ ਅਤੇ



ਵਿਆਖਿਆ, ਵਿਖਿਆਨ ਲਈ ਅਰਪਣ ਰਿਹਾ। ਡਾ: ਗੁਰਮੁਖ ਸਿੰਘ ਨੇ ਪੰਜਾਬੀ ਸਾਹਿਤ ਲਈ ਅਲੋਚਨਾ, ਟੀਕੇ, ਖੋਜ, ਹਵਾਲਾ ਗ੍ਰੰਥ, ਸੰਪਾਦਨ ਅਤੇ ਅਨੁਵਾਦ ਦੇ ਮਹੱਤਵਪੂਰਨ ਕਾਰਜ ਕੀਤੇ। ਉਹਨਾਂ ਦੇ ਅੰਗਰੇਜ਼ੀ ਤੋਂ ਪੰਜਾਬੀ, ਪੰਜਾਬੀ ਤੋਂ ਹਿੰਦੀ, ਹਿੰਦੀ ਤੋਂ ਪੰਜਾਬੀ ਅਨੁਵਾਦ ਕਾਰਜ ਉਹਨਾਂ ਦੀ ਵਿਲੱਖਣ ਮਿਹਨਤ ਦਾ ਸਬੂਤ ਸਨ। ਉਹਨਾਂ ਨੇ ਪੰਜਾਬੀ ਦੇ ਅਜਿਹੇ ਲੇਖਕਾਂ ਦੀਆਂ ਲਿਖਤਾਂ ਨੂੰ ਲੱਭ ਕੇ ਪ੍ਰਕਾਸ਼ਿਤ ਕੀਤਾ, ਜੋ ਅੱਜ ਤੱਕ ਕਿਸੇ ਪੁਸਤਕ ਵਿੱਚ ਪ੍ਰਕਾਸ਼ਿਤ ਨਹੀਂ ਹੋਈਆਂ।

ਡਾ: ਗੁਰਮੁਖ ਸਿੰਘ ਨੇ ਦੋ ਦਰਜਨ ਤੋਂ ਵੱਧ ਪੁਸਤਕਾਂ ਦਾ ਸੰਪਾਦਨ ਕੀਤਾ। ਉਹਨਾਂ ਅਨੇਕਾਂ ਪੁਸਤਕਾਂ ਦਾ ਅਨੁਵਾਦ ਕੀਤਾ। ਜਿਨ੍ਹਾਂ ਵਿੱਚ ਗਾਂਧੀ ਅਤੇ ਸਿੱਖ, ਜੀਵਨ ਗੁਰੂ ਤੇਗ਼ ਬਹਾਦਰ, ਰਾਜਾ ਸਰ ਦਲਜੀਤ ਸਿੰਘ ਦੀ ਅੰਗਰੇਜ਼ੀ ਪੁਸਤਕ, ਹੰਝੂ ਤੇ ਮੁਸਕਾਨ, ਰੇਤ ਤੇ ਝੱਗ, ਖਲੀਲ ਜਿਬਰਾਨ ਦੀ ਅੰਗਰੇਜ਼ੀ ਪੁਸਤਕ, ਘਾਟੀ ਦੀਆਂ ਪਰੀਆਂ ਤੇ ਅਵਾਰਾ ਆਦਿ ਸ਼ਾਮਲ ਹਨ। ਉਹਨਾਂ ਦੀਆਂ ਪ੍ਰਸਿੱਧ ਪੁਸਤਕਾਂ ਝੱਖੜ ਝੰਬਿਆ ਰੁੱਖ, ਸੁਕਰਾਤ ਦੀ ਮੌਤ, ਬੇਨਾਮ ਰਿਸ਼ਤਾ, ਕੌਣ ਦਿਲਾਂ ਦੀਆਂ ਜਾਣੇ, ਚਿੰਤਨ ਦੇ ਪਲ, ਸੁਖਮਨੀ ਚਿੰਤਨ ਤੇ ਕਲਾ, ਗੁਰਬਿਲਾਸ ਬਾਬਾ ਸਾਹਿਬ ਸਿੰਘ ਬੇਦੀ, ਪਾਰਸ ਭਾਗ, ਭਾਈ ਸਹਿਜ ਰਾਮ ਜੀਵਨ ਤੇ ਰਚਨਾ, ਅਕਾਲ ਉਸਤਤ ਵਿਸ਼ਲੇਸ਼ਣ ਤੇ ਵਿਆਖਿਆ, ਭਾਈ ਜੈਤਾ ਜੀ ਜੀਵਨ ਤੇ ਰਚਨਾ, ਪ੍ਰਸਿੱਧ ਵਿਦਵਾਨਾਂ ਦੇ ਰੇਖਾ ਚਿੱਤਰ ਆਦਿ। ਡਾ: ਗੁਰਮੁਖ ਸਿੰਘ ਨੇ ਆਲੋਚਨਾਤਮਿਕ ਪੱਖੋਂ ਵੀ ਦੋ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ। ਜਿਨ੍ਹਾਂ 'ਚ ਸੇਵਾਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ, ਅਲਾਹੁਣੀਆਂ, ਸਿਧ ਗੋਸਟਿ ਸਟੀਕ ਤੇ ਅਧਿਐਨ, ਅਨੰਦ ਸਾਹਿਬ ਸਾਹਿਤਿਕ ਅਧਿਐਨ, ਗੁਰੂ ਤੇਗ਼ ਬਹਾਦਰ ਜੀਵਨ ਦਰਸ਼ਨ ਤੇ ਕਲਾ, ਭਗਤ ਰਵਿਦਾਸ ਤੇ ਉਹਨਾਂ ਦੀ ਬਾਣੀ, ਗੁਰਬਾਣੀ ਬਾਰਾਂਮਾਹ ਵਿਸ਼ਲੇਸ਼ਣ ਤੇ ਵਿਆਖਿਆ ਆਦਿ। ਉਹਨਾਂ ਦੇ ਬਹੁਤ ਸਾਰੇ ਖੋਜ-ਪੱਤਰ ਪੰਜਾਬੀ ਦੇ ਪ੍ਰਸਿੱਧ ਮੈਗਜ਼ੀਨਾਂ ਜਿਵੇਂ ਕਿ ਪੰਜਾਬੀ ਦੁਨੀਆਂ, ਅਲੋਚਨਾ, ਖੋਜ ਪਤ੍ਰਿਕਾ, ਗੁਰੂ ਨਾਨਕ ਪ੍ਰਕਾਸ਼, ਪਰਖ, ਗੁਰਮਤਿ ਪ੍ਰਕਾਸ਼, ਖ਼ਾਲਸਾ ਸਮਾਚਾਰ, ਵਿਕੇਂਦਰਿਤ, ਸਤ ਸੰਤੋਖ ਗਿਆਨ, ਭਾਈ ਕਨੱਈਆ ਸੇਵਾ ਜੋਤੀ, ਸੱਚਖੰਡ ਪਤ੍ਰਿਕਾ, ਪੰਜਾਬੀ ਟ੍ਰਿਬਿਊਨ, ਅਜੀਤ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਏ।

ਡਾ: ਗੁਰਮੁਖ ਸਿੰਘ ਨੇ ਇੱਕ ਵਾਰ ਗੱਲਾਂ ਬਾਤਾਂ ਕਰਦਿਆਂ ਕਿਹਾ ਕਿ ਸਾਡੇ ਪਰਿਵਾਰ ਵਿੱਚ ਕਈ ਪੀੜ੍ਹੀਆਂ ਤੋਂ ਕੋਈ ਲੜਕੀ ਪੈਦਾ ਨਹੀਂ ਹੋਈ । ਬਸ ਇੱਕ ਲੜਕਾ ਹੀ ਜਨਮ ਲੈਂਦਾ ਸੀ । ਉਹਨਾਂ ਕਿਹਾ ਕਿ ਛੇ ਪੀੜ੍ਹੀਆਂ ਦਾ ਤਾਂ ਮੈਂ ਗਵਾਹ ਹਾਂ। ਮੇਰੀ ਭੈਣ ਦਾ ਜਦੋਂ ਜਨਮ ਹੋਇਆ ਤਾਂ ਬਾਪੂ ਜੀ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ । ਉਹਨਾਂ ਨੇ ਖ਼ੁਸ਼ੀ ਵਿੱਚ ਸ਼੍ਰੀ ਅਖੰਡ-ਪਾਠ ਸਾਹਿਬ ਕਰਵਾਇਆ ਤੇ ਸਾਰੇ ਪਿੰਡ ਨੂੰ ਰੋਟੀ ਕੀਤੀ । ਉਹਨਾਂ ਦੇ ਵੱਡੇ-ਵਡੇਰਿਆਂ ਦਾ ਸਾਧੂ- ਸੰਤਾਂ ਨਾਲ ਬੜਾ ਸਨੇਹ ਸੀ । ਉਹਨਾਂ ਦੱਸਿਆ ਕਿ ਸੰਤ ਪੂਰਨ ਸਿੰਘ ਜੀ ਸਾਡੇ ਘਰ ਕਈ ਵਾਰ ਆਉਂਦੇ ਤੇ ਰਾਤ ਵਿਸ਼ਰਾਮ ਕਰਦੇ ।ਸਾਦਾ ਭੋਜਨ ਛਕਦੇ। ਉਹ ਮੂੰਹ ਸਿਰ ਢੱਕ ਕੇ ਬੈਠੇ ਭਜਨ-ਬੰਦਗੀ ਕਰਦੇ ਰਹਿੰਦੇ ਸਨ। ਉਹਨਾਂ ਨੂੰ ਦੇਖ ਕੇ ਮੈਂ ਸੋਚ ਕੇ ਹੈਰਾਨ ਹੁੰਦਾ ਸੀ ਕਿ ਮਹਾਰਾਜ ਸੌਂਦੇ ਕਦੋਂ ਨੇ ? ਕਿਉਂਕਿ ਮੈਂ ਹਮੇਸ਼ਾਂ ਉਹਨਾਂ ਨੂੰ ਆਸਣ ਵਿੱਚ ਦੇਖਿਆ ਸੀ ।

ਉਹਨਾਂ ਨੇ ਪੰਜਾਬੀ ਲੋਕ ਸਾਹਿਤ, ਸੂਫੀਵਾਦ, ਹਾਸ਼ਮ ਮੌਲਾ, ਬਖ਼ਸ਼ ਕੁਸ਼ਤਾ, ਮਿਰਜ਼ਾ ਮੁਹੰਮਦ, ਅਬਦੁਲ ਗਨੀ ਆਦਿ ਸੂਫ਼ੀ ਸ਼ਾਇਰਾਂ ਅਤੇ ਕਿੱਸਾਕਾਰਾਂ ਬਾਰੇ ਵੀ ਖੋਜ ਕਰਕੇ ਪੰਜਾਬੀ ਸਾਹਿਤ ਦੀ ਝੋਲੀ ਪਾਇਆ। ਡਾ: ਸਾਹਿਬ ਦੀ ਅਖੀਰਲੀ ਪੁਸਤਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪਹਿਲੇ ਵਾਈਸ-ਚਾਂਸਲਰ ਭਾਈ ਜੋਧ ਸਿੰਘ ਰਚਿਤ ਪੁਸਤਕ 'ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਤੇ ਹੋਰ ਲੇਖ' ਦੀ ਸੰਪਾਦਨਾ ਸੀ ਪਰ ਇਸ ਪੁਸਤਕ ਨੂੰ ਲੋਕ ਅਰਪਣ ਹੁੰਦਿਆਂ ਦੇਖ ਨਾ ਸਕੇ।

ਡਾ: ਗੁਰਮੁਖ ਸਿੰਘ ਨੇ ਗੁਰਮਤਿ ਸਾਹਿਤ, ਕਹਾਣੀ, ਨਿਬੰਧ, ਨਾਵਲਿਟ, ਅਲੋਚਨਾ, ਵਾਰਤਕ ਸਮੇਤ ਸਾਹਿਤ ਦੀਆਂ ਹੋਰ ਵੰਨਗੀਆਂ ਵਿੱਚ ਇੱਕ ਸੌ ਦੇ ਕਰੀਬ ਪੁਸਤਕਾਂ ਲਿਖੀਆਂ। ਡਾ: ਗੁਰਮੁਖ ਸਿੰਘ ਭਾਸ਼ਾ ਵਿਭਾਗ ਪੰਜਾਬ ਵਿੱਚ ਤਕਰੀਬਨ 28 ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ 31 ਅਕਤੂਬਰ 2002 ਈ: ਨੂੰ ਜ਼ਿਲ੍ਹਾ ਭਾਸ਼ਾ ਅਫ਼ਸਰ ਬਠਿੰਡਾ ਵਜੋਂ ਸੇਵਾ ਮੁਕਤ ਹੋਏ। ਉਹਨਾਂ ਨੇ ਸੇਵਾ ਮੁਕਤ ਹੋਣ ਉਪਰੰਤ ਆਪਣੇ ਆਪ ਨੂੰ ਪੰਜਾਬੀ ਸਾਹਿਤ ਲਈ ਸਮਰਪਿਤ ਕਰ ਦਿੱਤਾ ਸੀ। ਉਹਨਾਂ ਨੂੰ ਭਾਰਤ ਦਲਿਤ ਸਾਹਿਤ ਅਕਾਦਮੀ ਨਵੀਂ ਦਿੱਲੀ ਨੇ 1994 ਵਿੱਚ ਡਾ: ਅੰਬੇਦਕਰ ਫੈਲੋਸ਼ਿਪ ਦਿੱਤੀ। ਸੇਵਾਪੰਥੀ ਸੰਪਰਦਾਇ ਦਾ ਅਨਮੋਲ ਖ਼ਜ਼ਾਨਾ ਸਾਂਭਣ ਬਦਲੇ 17 ਅਕਤੂਬਰ 1999 ਈ: ਨੂੰ ਸੰਗਰਾਂਦ ਵਾਲੇ ਦਿਹਾੜੇ ਸ਼੍ਰੀਮਾਨ ਮਹੰਤ ਤੀਰਥ ਸਿੰਘ 'ਸੇਵਾਪੰਥੀ' ਗੋਨਿਆਣਾ ਮੰਡੀ (ਬਠਿੰਡਾ) ਨੇ 11000 ਰੁਪਏ, ਸ਼ਾਲ, ਸਿਰੋਪਾਓ ਤੇ ਲਿਟਰੇਚਰ ਨਾਲ ਸਨਮਾਨਿਤ ਕੀਤਾ। ਹੋਰ ਵੀ ਵੱਖ-ਵੱਖ ਸੰਸਥਾਵਾਂ ਵੱਲੋਂ ਕਈ ਮਾਣ-ਸਨਮਾਨ ਪ੍ਰਾਪਤ ਹੋਏ। ਡਾ: ਗੁਰਮੁਖ ਸਿੰਘ ਚੱਲਦੇ-ਫਿਰਦੇ ਇਨਸਾਈਕਲੋਪੀਡੀਆ ਸਨ। ਉਹਨਾਂ ਦਾ ਐਮ.ਫਿਲ ਅਤੇ ਪੀ.ਐਚ.ਡੀ. ਕਰ ਰਹੇ ਵਿਦਿਆਰਥੀਆਂ ਨੂੰ ਸਹਿਯੋਗ ਦੇਣ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ। ਡਾ: ਗੁਰਮੁਖ ਸਿੰਘ 70 ਸਾਲ ਦੀ ਉਮਰ ਬਤੀਤ ਕਰਕੇ 4 ਅਪ੍ਰੈਲ ਸੰਨ 2014 ਈ: ਦਿਨ ਸ਼ੁੱਕਰਵਾਰ ਨੂੰ ਅਕਾਲ ਚਲਾਣਾ ਕਰ ਗਏ।

**ਕਰਨੈਲ ਸਿੰਘ**
**ਐੱਮ.ਏ.ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**
**Emial :-karnialisngh-ma@gmial.com**

# ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ (ਮਿੰਨੀ ਕਹਾਣੀ)

'ਕਿਆ ਬਾਤ ਹੈ ਬੇਟੇ ? ਬਹੁਤ ਪਰੇਸ਼ਾਨ ਲੱਗ ਰਹਾ ਹੈ ਫੰਕਸ਼ਨ ਅੱਛਾ ਹੋ ਗਯਾ ਸਕੂਲ ਮੇਂ, ਪਰੇਸ਼ਾਨ ਕੀਉਂ ਹੈ?'

' ਮਮੀ ਬਾਤ ਕੁਛ ਨਹੀਂ ਹੈ ,ਬਸ ਐਸੇ ਹੀ ਮਨ ਉਦਾਸ ਹੋ ਗਯਾ, ਜਬ ਮੈਨੇ ਦੇਖਾ ਹਮਾਰੇ ਘਰ ਮੇ ਜੋ ਰਮੇਸ਼ ਨੌਕਰ ਕਾਮ ਕਰਤਾ ਥਾ ਉਸਕਾ ਬੇਟਾ ਹਮਾਰੇ ਸਕੂਲ ਮੇਂ ਚੀਫ ਗੈਸਟ ਬਨ ਕਰ ਆਇਆ ਹੂਆ ਥਾ, ਕਈ ਵਾਰ ਤੋ ਉਸਕੇ ਪਾਸ ਫੀਸ ਕੇ ਪੈਸੇ ਭੀ ਨਹੀਂ ਹੋਤੇ ਥੇ।'

ਇਹ ਗੱਲਾਂ ਸੁਣ ਕੇ ਚਿੰਟੂ ਦੇ ਦਾਦਾ ਬਾਹਰ ਆਏ ਤੇ ਆਖਣ ਲੱਗੇ'ਯਾਦ ਹੈ ਤੁਸੀਂ ਉਸ ਦਾ ਮਜ਼ਾਕ ਉਡਾਉਂਦੇ ਹੁੰਦੇ ਸੀ, ਜਿਸ ਤਰਾਂ ਦੇ ਉਹ ਕੱਪੜੇ ਪਾਉਂਦਾ ਹੁੰਦਾ ਸੀ, ਤੁਸੀਂ ਤਾਂ ਇੰਟਰਨੈਸ਼ਨਲ ਸਕੂਲਾਂ ਵਿੱਚ ਪੜ੍ਹਦੇ ਹੋ ਤੇ ਮੈਂ ਤਾਂ ਜਿਸ ਵੇਲੇ ਵੀ ਕਦੀਂ



ਆਖਿਆ ਕਿ ਇਹ ਸਕੂਲਾਂ ਦੇ ਬੱਚੇ ਜਿਹੜੇ ਆਮ ਸਕੂਲਾਂ ਵਿੱਚ ਪੜ੍ਹਦੇ ਹਨ ,ਤੁਹਾਡੇ ਸਕੂਲ ਵਿੱਚ ਵੇਖਣਾ ਮੁੱਖ ਮਹਿਮਾਨ ਬਣ ਕੇ ਆਇਆ ਕਰਨਗੇ ਤੇ ਤੁਸੀਂ ਉਹਦਾ ਮਜ਼ਾਕ ਬਣਾਉਂਦੇ ਸੀ, ਹੁਣ ਨਤੀਜਾ ਤੁਹਾਡੇ ਸਾਹਮਣੇ ਹੀ ਹੈ 'ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ।'



**ਕੰਵਲਜੀਤ ਕੌਰ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**